# ECHO OF HIS CALL

# ਬੁਲਾਵੇ ਦੀ ਗੂੰਜ

**PUNJABI**

₹ 10/-

*India's National Spiritual Newspaper*

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

Editor : S. SAM SELVA RAJ | 16 Languages | Associate Editor : Bro. Vishwas Masih

VOL. XXI | YEAR OF OUR LORD JESUS CHRIST, MARCH 2021 | NO. 11


**PRAISE THE LORD**

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

ਪਵਿੱਤਰ ਬਾਈਬਲ

ਜ਼ਬੂਰ 45:1-10

1. ਮੇਰਾ ਮਨ ਇੱਕ ਚੰਗੀ ਗੱਲ ਨਾਲ ਉੱਛਲ ਰਿਹਾ ਹੈ, ਜੋ ਕੁਝ ਮੈਂ ਪਾਤਸ਼ਾਹ ਦੇ ਵਿਖੇ ਰਚਿਆ ਹੈ ਉਹ ਮੈਂ ਸੁਣਾਉਂਦਾ ਹਾਂ; ਮੇਰੀ ਰਚਨਾ ਸੁਚੇਤ ਲਿਖਾਰੀ ਦੀ ਲਿਖਣ ਹੈ।

2. ਤੂੰ ਆਦਮੀ ਦੇ ਪੁੱਤਰਾਂ ਨਾਲੋਂ ਸੁੰਦਰ ਹੈਂ, ਤੇਰਿਆਂ ਬੁੱਲਾਂ ਵਿੱਚ ਦਯਾ ਡੋਹਲੀ ਜਾਂਦੀ ਹੈ, ਏਸ ਲਈ ਪ੍ਰਮੇਸ਼ਵਰ ਨੇ ਤੈਨੂੰ ਸਦਾ ਲਈ ਬਰਕਤ ਦਿੱਤੀ ਹੈ।

3. ਓਏ ਸੂਰਮਿਆਂ! ਆਪਣੀ ਤਲਵਾਰ ਲੱਕ ਨਾਲ ਬੰਨ੍ਹ, ਉਹ ਤੇਰਾ ਤੇਜ ਅਰ ਤੇਰੀ ਉਪਮਾ ਹੈ।

4. ਅਤੇ ਆਪਣੇ ਉਪਮਾਣ ਨਾਲ ਸੱਚਿਆਈ ਅਤੇ ਕੋਮਲਤਾਈ ਅਤੇ ਧਰਮ ਦੇ ਨਮਿੱਤ ਅਸਵਾਰ ਹੋ ਕੇ ਸਫ਼ਲ ਹੋ ਅਤੇ ਤੇਰਾ ਸੱਜਾ ਹੱਥ ਤੈਨੂੰ ਭਿਆਨਕ ਕਾਰਜ ਸਿਖਲਾਵੇਗਾ।

5. ਤੇਰੇ ਤੀਰ ਤਿੱਖੇ ਹਨ, ਉੱਮਤਾਂ ਤੇਰੇ ਹੇਠ ਡਿਗਦੀਆਂ ਹਨ, ਉਹ ਪਾਤਸ਼ਾਹ ਦੇ ਵੈਰੀਆਂ ਦੇ ਦਿਲਾਂ ਵਿੱਚ ਹਨ।

6. ਤੇਰਾ ਸਿੰਘਾਸਨ ਪ੍ਰਮੇਸ਼ਵਰ ਵੱਲੋਂ ਸਦਾ ਤੀਕ ਹੈ, ਤੇਰੇ ਰਾਜ ਦਾ ਆਸਾ ਸਿੱਧਿਆਈ ਦਾ ਆਸਾ ਹੈ।

7. ਤੈਂ ਧਰਮ ਦੇ ਨਾਲ ਪ੍ਰੇਮ ਅਤੇ ਬਦੀ ਦੇ ਨਾਲ ਵੈਰ ਰੱਖਿਆ ਹੈ, ਇਸ ਲਈ ਪ੍ਰਮੇਸ਼ਵਰ, ਤੇਰੇ ਪ੍ਰਮੇਸ਼ਵਰ ਨੇ ਖੁਸ਼ੀ ਦੇ ਤੇਲ ਨਾਲ ਤੇਰੇ ਸਾਥੀਆਂ ਤੋਂ ਵੱਧ ਤੈਨੂੰ ਮਸਹ ਕੀਤਾ ਹੈ।

8. ਤੇਰੇ ਸਾਰੇ ਬਸਤਰ ਤੋਂ ਮੁਰ, ਅਗਰ ਅਤੇ ਤੱਜ ਦੀ ਵਾਸ਼ਨਾ ਆਉਂਦੀ ਹੈ, ਹਾਥੀ ਦੰਦ ਦੇ ਮਹਿਲਾਂ ਵਿੱਚੋਂ ਤਾਰ ਵਾਲੇ ਵਾਜਿਆਂ ਨੇ ਤੈਨੂੰ ਅਨੰਦ ਕੀਤਾ ਹੈ।

9. ਤੇਰੀਆਂ ਪਤਵੰਤ ਤ੍ਰੀਮਤਾਂ ਵਿੱਚ ਰਾਜਕੁਮਾਰੀਆਂ ਵੀ ਹਨ, ਰਾਣੀ ਤੇਰੇ ਸੱਜੇ ਹੱਥ ਓਫੀਰ ਦੇ ਕੁੰਦਨ ਸੋਨੇ ਨਾਲ ਸ਼ਿੰਗਾਰ ਲਾ ਕੇ ਖੜੀ ਹੈ।

10. ਧੀਏ ਸੁਣ ਅਤੇ ਵੇਖ ਅਤੇ ਆਪਣਾ ਕੰਨ ਲਾ, ਆਪਣੇ ਲੋਕ ਅਤੇ ਆਪਣੇ ਪਿਤਾ ਦੇ ਘਰ ਨੂੰ ਭੁੱਲ ਜਾਈਂ।

## "ਤੌਬਾ ਕਰੋ" ਕਿਉਂ ਜੋ ਸਵਰਗ ਦਾ ਰਾਜ ਨੇੜੇ ਆਇਆ ਹੈ!

## "Repent" for the Kingdom of Heaven is At Hand!

ਅੱਜਕਲ ਪਾਸਟਰ ਆਪਣੇ ਵਿਸ਼ਵਾਸੀਆਂ ਨੂੰ ਪਾਪਾਂ ਉੱਪਰ ਵਿਰਲਾਪ ਕਰਨ ਅਤੇ ਆਪਣੀ ਦੁਸ਼ਟਤਾ ਕਾਰਨ ਜ਼ਖ਼ਮੀ ਹੋਏ ਮਸੀਹ ਲਈ ਦੁਖੀ ਹੋਣ ਦੀ ਪੁਕਾਰ ਕਦੀ ਨਹੀਂ ਦਿੰਦੇ। ਇਸਦੇ ਉਲਟ ਬਹੁਤੇ ਮੰਚਾਂ ਤੋਂ ਅੱਜ ਅਸੀਂ ਅਜਿਹਾ ਪ੍ਰਚਾਰ ਸੁਣਦੇ ਹਾਂ, "ਕੇਵਲ ਨਿਹਚਾ ਕਰੋ, ਮਸੀਹ ਨੂੰ ਗ੍ਰਹਿਣ ਕਰੋ ਅਤੇ ਤੁਸੀਂ ਬਚਾਏ ਜਾਓਗੇ" ਇਸ ਗੱਲ ਨੂੰ ਜਾਇਜ਼ ਠਹਿਰਾਉਣ ਲਈ ਉਹ ਰਸੂਲਾਂ ਦੇ ਕਰਤੱਬ 16:25-31 ਦਾ ਹਵਾਲਾ ਦਿੰਦੇ ਹਨ।

ਇੱਥੇ ਅਸੀਂ ਵੇਖਦੇ ਹਾਂ, ਜਦੋਂ ਪੌਲੁਸ ਰਸੂਲ ਜੇਲ ਵਿੱਚ ਬੰਦ ਹੈ ਤਾਂ ਧਰਤੀ ਕੰਬ ਜਾਂਦੀ ਹੈ ਅਰ ਕੈਦਖਾਨੇ ਦੇ ਸਭ ਦਰਵਾਜੇ ਖੁੱਲ ਜਾਂਦੇ ਹਨ। ਦਰੋਗਾ ਸੋਚਦਾ ਹੈ ਕਿ ਸਭ ਕੈਦੀ ਨੱਸ ਗਏ ਹਨ ਇਸ ਲਈ ਹੁਣ ਉਸਨੂੰ ਮੌਤ ਦੀ ਸਜਾ ਮਿਲੇਗੀ ਅਤੇ ਉਹ ਆਪਣੀ ਤਲਵਾਰ ਨਾਲ ਖੁਦ ਨੂੰ ਮਾਰਨ ਹੀ ਲਗਦਾ ਹੈ। ਇਹ ਵੇਖ ਕੇ ਪੌਲੁਸ ਅਰ ਸੀਲਾਸ ਇਹ ਆਖਕੇ ਉਸਨੂੰ ਰੋਕਦੇ ਹਨ, "ਅਸੀਂ ਸਭ ਏਥੇ ਹੀ ਹਾਂ"।

ਇਹ ਵੇਖ ਕੇ ਉਹ ਰਸੂਲਾਂ ਦੇ ਕਦਮਾਂ ਵਿੱਚ ਡਿਗ ਕੇ ਬੋਲਿਆ, "ਮੈਂ ਕੀ ਕਰਾਂ ਜਿਸ ਤੋਂ ਬਚਾਇਆ ਜਾਵਾਂ?" ਉਨ੍ਹਾਂ ਉੱਤਰ ਦਿੱਤਾ, "ਪ੍ਰਭੂ ਯਿਸੂ ਉੱਤੇ ਨਿਹਚਾ ਕਰ ਤਾਂ ਤੂੰ ਅਰ ਤੇਰਾ ਘਰਾਣਾ ਬਚਾਏ ਜਾਓਗੇ" (ਕਰਤੱਬ 16:30-31)।

ਇਸ ਘਟਨਾ ਵਿੱਚ ਇਹ ਗੱਲ ਚੇਤੇ ਰੱਖਣ ਯੋਗ ਹੈ ਕਿ ਦਰੋਗਾ ਆਪਣੀ ਤਲਵਾਰ ਨਾਲ ਆਤਮ-ਹੱਤਿਆ ਕਰਨ ਹੀ ਵਾਲਾ ਸੀ। ਉਹ ਤੌਬਾ ਦੀ ਨੌਬਤ ਤੱਕ ਪਹੁੰਚ ਹੀ ਚੁੱਕਾ ਸੀ ਜਦੋਂ ਉਹ ਆਪਣੇ ਗੋਡਿਆਂ ਉੱਪਰ ਟੁੱਟਿਆ ਹੋਇਆ ਕੰਬਦਾ ਹੋਇਆ ਰਸੂਲਾਂ ਅੱਗੇ ਡਿਗਦਾ ਹੈ। ਇਸ ਲਈ ਉਸਦਾ ਹਿਰਦਾ ਸੱਚੀ ਨਿਹਚਾ ਨਾਲ ਯਿਸੂ ਨੂੰ ਕਬੂਲ ਕਰਨ ਲਈ ਤਿਆਰ ਸੀ।

ਮਰਕੁਸ ਦੀ ਇੰਜੀਲ ਵਿੱਚ ਪ੍ਰਭੂ ਯਿਸੂ ਆਪਣੇ ਚੇਲਿਆਂ ਨੂੰ ਆਖਦੇ ਹਨ, "ਜਿਹੜਾ ਨਿਹਚਾ ਕਰੇ ਅਰ ਬਪਤਿਸਮਾ ਲਵੇ ਸੋ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ (ਮਰਕੁਸ 16:16)। ਯਿਸੂ ਦੇ ਸ਼ਬਦਾਂ ਅਨੁਸਾਰ ਮੁਕਤੀ ਯਿਸੂ ਨੂੰ ਗ੍ਰਹਿਣ

(ਚਲਦਾ ਸਫਾ 3-)

# ECHO OF HIS CALL

**2019 - GOLDEN JUBILEE YEAR**

**OUR MISSION POLICY**

We should expound and teach the contemporary generation the undiluted teachings of the ancient and early Apostles. It is the need of the hour.







*from Editors...*

**"ਨਾ ਡਰ, ਮੈਂ ਤੇਰੇ ਅੰਗ ਸੰਗ ਜੋ ਹਾਂ..."**
**(ਯਸਾਯਾਹ 43:5)।**

ਪ੍ਰਭੂ ਵਿੱਚ ਪਿਆਰੇ ਭਰਾਵੋ ਤੇ ਭੈਣੋ,

ਸਾਡੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਸਰਵਉੱਚ ਨਾਂ ਵਿੱਚ ਤੁਹਾਨੂੰ ਸ਼ੁੱਭ ਇੱਛਾਵਾਂ।

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਤੁਸੀਂ ਇਸ ਉਲਝਣਾਂ ਭਰੇ ਸਮੇਂ ਵਿੱਚ ਵੀ ਹਰ ਤਰਾਂ ਪ੍ਰਮੇਸ਼ਵਰ ਦੀ ਸੁਰੱਖਿਆ ਦਾ ਆਨੰਦ ਮਾਣ ਰਹੇ ਹੋ। ਅਸੀਂ ਸਦਾ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਾਂ।

ਕੋਵਿਡ-19 ਦੇ ਹਮਲੇ ਤੋਂ ਬਾਦ ਸੰਸਾਰ ਭਰ ਦਾ ਪ੍ਰਬੰਧਕੀ ਢਾਂਚਾ ਬੁਰੀ ਤਰਾਂ ਹਿੱਲ ਚੁੱਕਾ ਲੋਕਾਂ ਲਈ ਦੁਆ ਕਰਨ ਕਿ ਉਹ ਜਾਣ ਸਕਣ ਕਿ ਯਿਸੂ ਮਸੀਹ ਹੀ ਪ੍ਰਮੇਸ਼ਵਰ ਹੈ। ਇਹ ਸਾਡੀ ਸੱਚੀ ਤਾਂਘ ਅਰ ਪ੍ਰਾਰਥਨਾ ਹੋਣੀ ਚਾਹੀਦੀ ਹੈ ਕਿ ਸੁਸਮਾਚਾਰ ਦੀ ਸੱਚਾਈ ਸਮੁੱਚੇ ਸੰਸਾਰ ਵਿੱਚ ਫੈਲ ਜਾਵੇ। ਸਮੁੱਚੀ ਕਲੀਸਿਆ ਨੂੰ ਸਮੁੱਚਾ ਸੁਸਮਾਚਾਰ ਸਮੁੱਚੇ ਸੰਸਾਰ ਵਿੱਚ ਲੈ ਕੇ ਜਾਣਾ ਚਾਹੀਦਾ ਹੈ। ਪੌਲੁਸ ਰੋਮੀਆਂ 15:19 ਵਿੱਚ ਲਿਖਦਾ ਹੈ, "... ਮੈਂ ਯਰੂਸ਼ਲਮ ਤੋਂ ਲੈ ਕੇ ਚਾਰ ਚੁਫ਼ੇਰੇ ਇੱਲੁਰਿਕੁਨ ਤੀਕ ਮਸੀਹ ਦੀ ਖੁਸ਼ਖਬਰੀ ਦਾ ਪੂਰਾ ਪ੍ਰਚਾਰ ਕੀਤਾ" ਅਤੇ 2 ਕੁਰਿੰਥੀਆਂ 7:1 ਵਿੱਚ ਆਖਦਾ ਹੈ, "ਹੇ ਪਿਆਰਿਓ, ਜਦੋਂ ਇਹ ਬਚਨ ਸਾਨੂੰ ਦਿੱਤੇ ਹੋਏ ਹਨ ਤਾਂ ਆਓ ਅਸੀਂ ਆਪਣੇ ਆਪ ਨੂੰ ਸਰੀਰ ਅਤੇ ਆਤਮਾ ਦੀ ਮਲੀਨਤਾਈ ਤੋਂ ਸ਼ੁੱਧ ਕਰਕੇ ਪ੍ਰਮੇਸ਼ਵਰ ਦੇ ਭੌ ਨਾਲ ਪਵਿੱਤਰਤਾਈ ਨੂੰ ਸੰਪੂਰਨ ਕਰੀਏ"।

ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਡੀ ਸੇਵਕਾਈ ਕਿਸੇ ਵਿਸ਼ੇਸ਼ ਜਨ ਸਮੂਹ ਲਈ ਅਤੇ ਅਧੂਰੇ ਸੁਸਮਾਚਾਰ ਪ੍ਰਚਾਰ ਵਾਲੀ ਨਹੀਂ ਹੋਣੀ ਚਾਹੀਦੀ। ਪੂਰਾ ਸੁਸਮਾਚਾਰ ਹੈ, ਮੌਤ ਦੇ ਕੰਮਾਂ ਤੋਂ ਤੌਬਾ, ਪ੍ਰਮੇਸ਼ਵਰ ਉੱਤੇ ਨਿਹਚਾ, ਬਪਤਿਸਮੇ ਦਾ ਸਿਧਾਂਤ, ਹੱਥਾਂ ਦਾ ਰੱਖਿਆ ਹੈ। ਆਮ ਲੋਕਾਂ ਦਾ ਆਤਮਿਕ ਜੀਵਨ ਵੀ ਬੁਰੀ ਤਰਾਂ ਬਰਬਾਦ ਹੋ ਚੁੱਕਾ ਹੈ। ਲੋਕ ਬਹੁਤ ਜ਼ਿਆਦਾ ਮਤਲਬੀ, ਲਾਲਚੀ ਅਤੇ ਦੁਸ਼ਟ ਹੋ ਗਏ ਹਨ ਅਰ ਅਸੁਰੱਖਿਆ ਦੇ ਭੈਅ ਹੇਠ ਜੀਅ ਰਹੇ ਹਨ। ਕਿਉਂਕਿ ਕੋਰੋਨਾ ਮਹਾਂਮਾਰੀ ਨੇ ਕਰੋੜਾਂ ਲੋਕਾਂ ਦੇ ਜੀਵਨਾਂ ਨੂੰ ਪ੍ਰਭਾਵਿਤ ਕੀਤਾ ਹੈ ਇਸ ਕਰਕੇ ਲੋਕਾਂ ਨੇ ਹੁਣ ਇਹ ਸੋਚਣਾ ਸ਼ੁਰੂ ਕਰ ਦਿੱਤਾ ਹੈ ਕਿ ਇੱਕ ਸਰਵਉੱਚ ਸ਼ਕਤੀ ਜ਼ਰੂਰ ਹੈ ਜੋ ਸਮੁੱਚੇ ਸੰਸਾਰ ਨੂੰ ਕੰਟਰੋਲ ਕਰਦੀ ਹੈ।

ਇਸ ਲਈ ਪ੍ਰਮੇਸ਼ਵਰ ਦੇ ਲੋਕਾਂ ਲਈ ਇਹ ਸਹੀ ਸਮਾਂ ਹੈ ਕਿ ਉਹ ਇਸ ਸੰਸਾਰ ਦੇ ਜਾਣਾ, ਮੁਰਦਿਆਂ ਦਾ ਜੀਅ ਉੱਠਣਾ ਅਤੇ ਨਿਆਂ ਦਾ ਹੋਣਾ। "ਇਸ ਕਾਰਨ ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ ਸਿਆਣਪੁਣੇ ਦੀ ਵੱਲ ਅਗਾਹਾਂ ਵਧਦੇ ਜਾਈਏ ਅਤੇ ਮੁਰਦਿਆਂ ਕੰਮਾਂ ਤੋਂ ਤੌਬਾ ਕਰਨ ਦੀ ਨੀਂਹ ਮੁੜਕੇ ਨਾ ਧਰੀਏ, ਨਾਲੇ ਪ੍ਰਮੇਸ਼ਵਰ ਉੱਤੇ ਨਿਹਚਾ ਕਰਨ ਦੀ , ਅਸ਼ਨਾਨਾਂ ਦੀ ਸਿੱਖਿਆ ਦੀ, ਹੱਥ ਰੱਖਣ ਦੀ, ਮੁਰਦਿਆਂ ਦੇ ਜੀ ਉੱਠਣ ਦੀ ਅਤੇ ਸਦੀਪਕ ਨਿਆਓਂ ਦੀ" ਇਬਰਾਨੀਆਂ 6:1, 2।

ਅਸੀਂ ਉਨ੍ਹਾਂ ਕਰੋੜਾਂ ਲੋਕਾਂ ਦੇ ਬੋਝ ਹੇਠ ਦੱਬੇ ਹੋਏ ਹਾਂ ਜਿਨ੍ਹਾਂ ਨੇ ਹਾਲੇ ਵੀ ਮੁਕਤੀਦਾਤਾ ਯਿਸੂ ਮਸੀਹ ਬਾਰੇ ਅਤੇ ਆਪਣੀ ਮੁਕਤੀ ਬਾਰੇ ਨਹੀਂ ਸੁਣਿਆ। ਇਨ੍ਹਾਂ ਦਿਨਾਂ ਵਿੱਚ ਪ੍ਰਮੇਸ਼ਵਰ ਸਾਡੇ ਉੱਪਰ ਦਬਾਅ ਪਾ ਰਿਹਾ ਹੈ ਕਿ ਅਸੀਂ ਉਸਦੇ ਆਖਰੀ ਨਿਆਂ ਦੀ ਭਿਆਨਕਤਾ ਨੂੰ ਜੋ ਸੰਸਾਰ ਉੱਪਰ ਆਵੇਗੀ, ਜਾਣ ਲਈਏ ਅਤੇ ਇਹ ਵੀ ਜਾਣ ਲਈਏ ਕਿ ਇਸ ਸੰਸਾਰ ਵਿੱਚ ਮਸੀਹ ਤੋਂ ਬਿਨਾਂ ਜੀਣ ਵਾਲਿਆਂ ਦਾ ਕੀ ਹਸ਼ਰ ਹੋਵੇਗਾ!

ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ


**CHIEF EDITORS**
Pastor S. Sam Selva Raj
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th.,M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.

**Hd. Qrs. CO-ORDINATORS**
Bro. John Rodrigues
Sis. E. Daisy Rani

**ADVISORY BOARD**
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L



**PUBLISHER & PRINTER**
Pastor S. SAM SELVA RAJ
**Echo of His Call Printers**
10, Mohammed Abdullah 2nd Street
Chepauk, Chennai- 600 005, India.



**Phone :** (+ 91- 44) 2852 8282, 2852 9293, 2854 7766
**Cell :** (+91) 98410 71852, 95661 31858
**E-mail :** sam@echoofhiscall.org
biblecor@yahoo.co.in

**Websites :**
www.echoofhiscall.org
www.echoofhiscall.com



**Our Ministries:** ECHO OF HIS CALL Monthly Magazines (16 languages) BIBLECOR - Postal Courses (3 languages) Theological Correspondence Courses (2 languages) Church Planting Nehemiah Bible Colleges Gospel Printing Press Great Commission Partners St. Paul's Matriculation School Crusades Community Development

ਹੋਏ ਅਸੀਂ ਅਨੰਤਕਾਲ ਦੀਆਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦੇ ਰਹੇ ਹਾਂ ਕਿਉਂਕਿ ਨਾਮ ਦੇ ਮਸੀਹੀ ਸੰਸਾਰ ਦੇ ਨਾਸ਼ ਹੋ ਰਹੇ ਲੋਕਾਂ ਦੇ ਅਨੰਤ ਜੀਵਨ ਵੱਲ ਕੋਈ ਧਿਆਨ ਨਹੀਂ ਦੇ ਰਹੇ। ਸਭ ਲੋਕਾਂ ਉੱਪਰ ਆਉਣ ਵਾਲੇ ਪ੍ਰਮੇਸ਼ਵਰ ਦੇ ਨਿਆਂ ਨੂੰ ਵੇਖਦੇ ਹੋਏ ਅਸੀਂ ਸਭ ਰੁਕਾਵਟਾਂ ਨੂੰ ਲਾਂਭੇ ਕਰਦੇ ਹੋਏ ਸੰਸਾਰ ਦੇ ਸਭ ਲੋਕਾਂ ਤੱਕ ਸੁਸਮਾਚਾਰ ਪਹੁੰਚਾਉਣ ਦਾ ਯਤਨ ਕਰ ਰਹੇ ਹਾਂ। ਅਸੀਂ ਆਪਣੇ ਸਟੇਟ ਕੋਆਰਡੀਨੇਟਰਾਂ, ਸਹਾਇਕ ਸੰਪਾਦਕਾਂ ਅਤੇ ਸਹਿਕਰਮੀਆਂ ਆਦਿ ਨੂੰ ਵੀ ਪ੍ਰਭੂ ਯਿਸੂ ਮਸੀਹ ਲਈ ਕੀਤੇ ਜਾ ਰਹੇ ਕੰਮਾਂ ਨੂੰ ਤੇਜ਼ ਕਰਨ ਲਈ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਅਜਿਹੇ ਹਾਲਾਤਾਂ ਵਿੱਚ ਮਦਦ ਕਰਨ ਲਈ ਬੁਲਾਏ ਗਏ ਲੋਕ ਵੀ ਆਪਣੀ ਜ਼ਿੰਮੇਵਾਰੀ ਤੋਂ ਅਤੇ ਬੁਲਾਵੇ ਦੀ ਗੂੰਜ ਵਰਗੀਆਂ ਅਸਲ ਸੇਵਕਾਈਆਂ ਦੀ ਸਹਾਇਤਾ ਕਰਨ ਤੋਂ ਪਿਛਾਂਹ ਹਟ ਰਹੇ ਹਨ; ਇੱਕ ਪਾਸੇ ਜਿੱਥੇ ਅਸੀਂ ਆਰਥਿਕ ਪਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਾਂ ਉੱਥੇ ਹੀ ਦੂਜੇ ਪਾਸੇ ਸੰਸਾਰ ਦੇ ਸਿਸਟਮ ਅਤੇ ਸਰਕਾਰਾਂ ਦੇ ਦਬਾਅ ਨੂੰ ਝੇਲ ਰਹੇ ਹਾਂ। ਅਸੀਂ ਹਰ ਇੱਕ ਗੱਲ ਨੂੰ ਇੱਥੇ ਨਹੀਂ ਲਿਖ ਸਕਦੇ।

ਇਸ ਕਰਕੇ ਪਿਆਰੇ ਮਿੱਤਰੋ, ਇਨ੍ਹਾਂ ਮੁਸ਼ਕਿਲ ਸਮਿਆਂ ਵਿੱਚ ਸਾਡੇ ਲਈ ਪ੍ਰਾਰਥਨਾ ਕਰੋ। ਸਾਨੂੰ ਤੁਹਾਡੀਆਂ ਪ੍ਰਾਰਥਨਾਵਾਂ ਅਰ ਮਦਦਗਾਰ ਹੱਥਾਂ ਦੀ ਲੋੜ ਹੈ।

ਤੁਹਾਡੇ ਸੇਵਕ,
ਪਾ: ਸੈਮ ਅਤੇ ਸੈਮਸਨ।

---

(ਚਲਦਾ ਸਫਾ 1 ਤੋਂ)

ਕਰਨ ਅਤੇ ਬਪਤਿਸਮਾ ਲੈਣ ਰਾਹੀਂ ਮਿਲਦੀ ਹੈ।

ਹਾਲਾਂਕਿ ਯਿਸੂ ਆਪਣੇ ਕਥਨ ਵਿੱਚ ਪਹਿਲਾਂ ਇਹ ਆਖਦੇ ਹਨ, "...ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਮੁੱਚੀ ਸਰਿਸ਼ਟ ਨੂੰ ਸੁਸਮਾਚਾਰ ਸੁਣਾਓ" (ਮਰਕੁਸ 16:15)। ਉਨ੍ਹਾਂ ਦੇ ਸ਼ਬਦਾਂ ਦਾ ਅਰਥ ਹੈ ਕਿ ਇਸਤੋਂ ਪਹਿਲਾਂ ਕਿ ਲੋਕ ਉਸ ਉੱਤੇ ਨਿਹਚਾ ਕਰਨ, ਉਨ੍ਹਾਂ ਤੱਕ ਕਲਾਮ ਦਾ ਪਹੁੰਚਣਾ ਜ਼ਰੂਰੀ ਹੈ; ਅਰ ਯਿਸੂ ਕਿਸ ਸੁਸਮਚਾਰ ਦੀ ਗੱਲ ਕਰਦੇ ਹਨ? ਉਹ ਹੈ 'ਤੋਬਾ ਦਾ ਸੁਸਮਾਚਾਰ', ਜਿਸਦਾ ਪ੍ਰਚਾਰ ਯਿਸੂ ਨੇ ਖੁਦ ਕੀਤਾ।

ਵਿਚਾਰ ਕਰੋ- ਉਜਾੜ ਦੇ ਪਰਤਾਵੇ ਵਿੱਚੋਂ ਬਾਹਰ ਆ ਕੇ ਯਿਸੂ ਨੇ ਪਹਿਲਾ ਪ੍ਰਚਾਰ ਕੀ ਕੀਤਾ? ਬਾਈਬਲ ਦੱਸਦੀ ਹੈ, "ਉਸੇ ਵੇਲਿਓਂ ਯਿਸੂ ਪ੍ਰਚਾਰ ਕਰਨ ਅਰ ਕਹਿਣ ਲੱਗਾ ਭਈ ਤੋਬਾ ਕਰੋ ਕਿਉਂ ਜੋ ਸਵਰਗ ਦਾ ਰਾਜ ਨੇੜੇ ਆਇਆ ਹੈ" (ਮੱਤੀ 4:17)।

ਨਿਹਚਾ ਕਰਨ ਤੋਂ ਪਹਿਲਾਂ ਯਿਸੂ ਨੇ ਲੋਕਾਂ ਨੂੰ ਤੋਬਾ ਕਰਨ ਲਈ ਕਿਹਾ। ਮਰਕੁਸ ਲਿਖਦਾ ਹੈ, ...ਯਿਸੂ ਗਲੀਲ ਵਿੱਚ ਆਇਆ ਅਤੇ ਉਸਨੇ ਪ੍ਰਮੇਸ਼ਵਰ ਦੀ ਖੁਸ਼ਖ਼ਬਰੀ ਦਾ ਪ੍ਰਚਾਰ ਕਰਕੇ ਆਖਿਆ, "ਸਮਾਂ ਪੂਰਾ ਹੋਇਆ ਅਤੇ ਪ੍ਰਮੇਸ਼ਵਰ ਦਾ ਰਾਜ ਨੇੜੇ ਆ ਗਿਆ ਹੈ: ਤੋਬਾ ਕਰੋ ਅਤੇ ਖੁਸ਼ਖ਼ਬਰੀ ਉੱਤੇ ਪਰਤੀਤ ਕਰੋ" (ਮਰਕੁਸ 1:14-15)।ਮਸੀਹ ਦਾ ਪ੍ਰਚਾਰ ਸੀ, "ਪਹਿਲਾਂ ਤੋਬਾ ਕਰੋ ਫਿਰ ਨਿਹਚਾ ਕਰੋ"। ਯਿਸੂ ਆਪਣੀ ਸੇਵਕਾਈ ਬਾਰੇ ਆਖਦੇ ਹਨ, "...ਮੈਂ ਧਰਮੀਆਂ ਨੂੰ ਨਹੀਂ ਸਗੋਂ ਪਾਪੀਆਂ ਨੂੰ ਤੋਬਾ ਲਈ ਬੁਲਾਉਣ ਆਇਆ ਹਾਂ" (ਮੱਤੀ 9:13); ਅਰ ਉਹ ਗਲੀਲੀਆਂ ਨੂੰ ਆਖਦੇ ਹਨ, "ਮੈਂ ਤੁਹਾਨੂੰ ਆਖਦਾ ਹਾਂ, ਜੇ ਤੁਸੀਂ ਤੋਬਾ ਨਾ ਕਰੋ ਤਾਂ ਤੁਸਾਂ ਸਭਨਾ ਦਾ ਇਸੇ ਤਰਾਂ ਨਾਸ ਹੋ ਜਾਵੇਗਾ" (ਲੂਕਾ 13:3)।

ਯਿਸੂ ਦਾ ਪ੍ਰਚਾਰ 'ਤੋਬਾ' ਬਾਰੇ ਹੀ ਸੀ!

## ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਵੀ ਤੋਬਾ ਦਾ ਪ੍ਰਚਾਰ ਕੀਤਾ, ਇਸਰਾਏਲ ਨੂੰ ਮਸੀਹ ਦੀ ਆਮਦ ਲਈ ਤਿਆਰ ਕਰਨ ਦਾ ਪ੍ਰਚਾਰ

ਯਹੂਦੀਆਂ ਲਈ ਯੂਹੰਨਾ ਦਾ ਪ੍ਰਚਾਰ ਸਰਲ ਅਤੇ ਸਿੱਧਾ ਸੀ: ਉਨੀਂ ਦਿਨੀਂ ਯੂਹੰਨਾ ਬਪਤਿਸਮਾ ਦੇਣ ਵਾਲਾ ਆਣ ਕੇ ਯਹੂਦਿਯਾ ਦੇ ਉਜਾੜ ਵਿੱਚ ਪ੍ਰਚਾਰ ਕਰਦੇ ਹੋਏ ਕਹਿਣ ਲੱਗਾ, "ਤੋਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ" (ਮੱਤੀ 3:1-2)। ਹਰ ਪਾਸਿਓਂ ਲੋਕ ਯੂਹੰਨਾ ਨੂੰ ਸੁਣਨ ਲਈ ਆਉਂਦੇ ਸਨ। ਉਹ ਉਨ੍ਹਾਂ ਨੂੰ ਸਿੱਧੇ ਸ਼ਬਦਾਂ ਵਿੱਚ ਆਖਦਾ ਸੀ 'ਮਸੀਹ ਤੁਹਾਡੇ ਵਿਚਕਾਰ ਆਉਣ ਵਾਲਾ ਹੈ- ਇਸ ਲਈ ਉਸਨੂੰ ਮਿਲਣ ਲਈ ਤਿਆਰੀ ਕਰੋ! ਤੁਸੀਂ ਉਤਸਾਹਤ ਹੋਵੋਗੇ ਕਿ ਉਹ ਆ ਰਿਹਾ ਹੈ, ਪਰੰਤੂ ਤੁਹਾਡੇ ਹਿਰਦੇ ਤਿਆਰ ਨਹੀਂ ਹਨ- ਕਿਉਂਕਿ ਤੁਸੀਂ ਅਜੇ ਵੀ ਆਪਣੇ ਪਾਪਾਂ ਨੂੰ ਨਹੀਂ ਛੱਡਿਆ! ਬਾਹਰੋਂ ਤਾਂ ਤੁਸੀਂ ਸਾਫ਼ ਅਰ ਪਵਿੱਤਰ ਦਿਸਦੇ ਹੋ ਪਰੰਤੂ ਅੰਦਰੋਂ ਮੁਰਦਿਆਂ ਦੀਆਂ ਹੱਡੀਆਂ ਦੀ ਸੜ੍ਹਾਂਦ ਨਾਲ ਭਰੇ ਹੋ! ਤੁਸੀਂ ਸੱਪਾਂ ਦੇ ਬੱਚੇ ਹੋ ਅਤੇ ਪ੍ਰਮੇਸ਼ਵਰ ਦਾ ਕੋਈ ਭੈਅ ਨਹੀਂ ਮੰਨਦੇ; ਤੁਸੀਂ ਇਹ ਮੰਨਣ ਲਈ ਰਾਜ਼ੀ ਹੀ ਨਹੀਂ ਹੋ ਕਿ ਤੁਸੀਂ ਕਦੇ ਪਾਪ ਕੀਤਾ ਹੈ। ਮੈਂ ਤੁਹਾਨੂੰ ਚੁਨੌਤੀ ਦਿੰਦਾ ਹਾਂ ਕਿ ਉਸ ਮੁਕਤੀਦਾਤਾ ਤੇ ਨਿਹਚਾ ਕਰਨ ਤੋਂ ਪਹਿਲਾਂ ਆਪਣੇ ਪਾਪਾਂ ਤੋਂ ਤੋਬਾ ਕਰੋ'।

ਇਸ ਲਈ ਤੋਬਾ ਕਰੋ, ਪਾਪਾਂ ਤੋਂ ਮੁੜੋ ਅਰ ਇੱਕ ਬਦਲਿਆ ਹੋਇਆ ਜੀਵਨ ਜੀਓ। ਪਤਰਸ ਨੇ ਪੰਤੇਕੁਸਤ ਦੇ ਦਿਨ ਲੋਕਾਂ ਨੂੰ ਕੀ ਪ੍ਰਚਾਰ ਕੀਤਾ? ਬਾਈਬਲ ਦੱਸਦੀ ਹੈ ਕਿ ਜਦੋਂ ਲੋਕਾਂ ਨੇ ਪਤਰਸ ਦੇ ਪ੍ਰਚਾਰ ਨੂੰ ਸੁਣਿਆਂ ਤਾਂ, "...ਉਨ੍ਹਾਂ ਦੇ ਦਿਲ ਛਿਦ ਗਏ... ਅਰ ਉਹ ਬੋਲੇ, ਹੇ ਭਾਈਓ ਅਸੀਂ ਕੀ ਕਰੀਏ?" ਤਦ ਪਤਰਸ ਨੇ ਉਨ੍ਹਾਂ ਨੂੰ ਕਿਹਾ, "ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ" (ਕਰਤੱਬ 2:37-38)।

ਪਤਰਸ ਨੇ ਇਨ੍ਹਾਂ ਲੋਕਾਂ ਨੂੰ ਕੇਵਲ

---

ਬੁਲਾਵੇ ਦੀ ਗੂੰਜ ਸੇਵਕਾਈਆਂ, ਬੁਲਾਵੇ ਦੀ ਗੂੰਜ ਮੈਗਜ਼ੀਨ ਦੇ ਸਬਸਕ੍ਰਿਪਸ਼ਨ ਅਤੇ ਤੁਹਾਡੇ ਜਿਹੇ ਮਿੱਤਰਾਂ ਦੇ ਵੱਲੋਂ ਖੁਸ਼ੀ ਨਾਲ ਭੇਜੇ ਜਾਂਦੇ ਅਨੁਦਾਨਾਂ ਨਾਲ ਚੱਲਦੀਆਂ ਹਨ। ਪ੍ਰਮੇਸ਼ਵਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ (2 ਕੁਰਿੰਥੀਆਂ 9:7)। ਸਭਨਾਂ ਲਈ- ਹਰ ਕੀਮਤ ਤੇ- ਹਰ ਢੰਗ ਨਾਲ- ਕਿਸੇ ਵੀ ਢੰਗ ਨਾਲ (1 ਕੁਰਿੰਥੀਆਂ 9:22)।

-ਸੰਪਾਦਕ

'ਨਿਹਚਾ ਕਰਨ ਅਤੇ ਮੁਕਤੀ ਪਾਉਣ' ਲਈ ਨਹੀਂ ਆਖਿਆ। ਉਸਨੇ ਉਨ੍ਹਾਂ ਨੂੰ ਯਿਸੂ ਨੂੰ ਚੁਣਨ ਦਾ ਵਿਚਾਰ ਬਣਾਉਣ ਲਈ ਨਹੀਂ ਆਖਿਆ। ਉਸਨੇ ਕਿਹਾ, ਪਹਿਲਾਂ ਤੌਬਾ ਕਰੋ ਅਤੇ ਫਿਰ ਮਸੀਹ ਦੀ ਆਗਿਆ ਮੰਨਦੇ ਹੋਏ ਬਪਤਿਸਮਾ ਲਓ। ਅਥੇਨੈ ਦੇ ਲੋਕਾਂ ਨੂੰ ਪੌਲੁਸ ਨੇ ਕੀ ਸੁਸਮਾਚਾਰ ਸੁਣਾਇਆ? ਉਸਨੇ ਉਨ੍ਹਾਂ ਨੂੰ ਸਪੱਸ਼ਟ ਆਖਿਆ, "...ਪ੍ਰਮੇਸ਼ਵਰ...ਸਭ ਮਨੁੱਖਾਂ ਨੂੰ ਹਰੇਕ ਥਾਂ ਤੌਬਾ ਕਰਨ ਦ ਹੁਕਮ ਦਿੰਦਾ ਹੈ" (ਕਰਤੱਬ 17:30)।

ਇਨ੍ਹਾਂ ਯੂਨਾਨੀ ਬੁੱਧੀਜੀਵੀਆਂ ਨੂੰ ਪ੍ਰਮੇਸ਼ਵਰ ਉੱਤੇ ਨਿਹਚਾ ਕਰਨ ਵਿੱਚ ਕੋਈ ਦਿੱਕਤ ਨਹੀਂ ਸੀ। ਅਸੀਂ ਇਹ ਵੀ ਆਖ ਸਕਦੇ ਹਾਂ ਕਿ ਉਹ ਪਹਿਲਾਂ ਤੋਂ ਹੀ ਨਿਹਚਾ ਕਰਦੇ ਸਨ। ਉਹ ਕਈ ਦੇਵਤਿਆਂ ਉੱਤੇ ਨਿਹਚਾ ਕਰਦੇ ਸਨ। ਜਦੋਂ ਕੋਈ ਵੀ ਉਨ੍ਹਾਂ ਕੋਲ ਕਿਸੇ ਵੀ ਦੇਵਤੇ ਦਾ ਪ੍ਰਚਾਰ ਕਰਦਾ ਉਹ ਉਸੇ ਨੂੰ ਹੀ ਮੰਨ ਲੈਂਦੇ ਸਨ। ਉਹ ਨਿਹਚਾ ਤਾਂ ਕਰਦੇ ਸਨ, ਪਰ ਪਾਪ ਵਿੱਚ ਹੀ ਰਹਿ ਕੇ। ਕੇਵਲ ਨਿਹਚਾ ਹੀ ਕਾਫ਼ੀ ਨਹੀਂ ਸੀ।

ਪੌਲੁਸ ਨੇ ਉਨ੍ਹਾਂ ਨੂੰ ਆਖਿਆ, "ਨਹੀਂ ਨਹੀਂ, ਮਸੀਹ ਅਜਿਹਾ ਨਹੀਂ, ਤੁਸੀਂ ਯਿਸੂ ਨੂੰ ਓਵੇਂ ਹੀ ਆਪਣੇ ਦੇਵਤਿਆਂ ਦੀ ਸੂਚੀ ਵਿੱਚ ਸ਼ਾਮਿਲ ਨਹੀਂ ਕਰ ਸਕਦੇ। ਤੁਸੀਂ ਬਾਕੀਆਂ ਉੱਪਰ ਕੇਵਲ ਨਿਹਚਾ ਕਰਦੇ ਹੋ ਪਰੰਤੂ ਯਿਸੂ ਨਾਲ ਅਜਿਹਾ ਨਹੀਂ ਹੈ। ਉਹ ਤੁਹਾਨੂੰ ਪਾਪਾਂ ਤੋਂ ਮੁਕਤ ਕਰਨ ਲਈ ਆਇਆ ਹੈ ਅਰ ਉਹ ਆਪਣੇ ਸਭ ਅਨੁਯਾਈਆਂ ਨੂੰ ਤੌਬਾ ਕਰਨ ਅਰ ਸ਼ੁੱਧ ਬਣਨ ਦੀ ਆਗਿਆ ਦਿੰਦਾ ਹੈ"। ਬਾਦ ਵਿੱਚ ਪੌਲੁਸ ਇਹੀ ਸੁਸਮਾਚਾਰ ਰਾਜਾ ਅਗ੍ਰਿੱਪਾ ਨੂੰ ਵੀ ਸੁਣਾਉਂਦਾ ਹੈ, "...ਮੈਂ ਉਸ ਸੁਰਗੀ ਦਰਸ਼ਨ ਤੋਂ ਬੇਮੁਖ ਨਾ ਹੋਇਆ ਸਗੋਂ ਪਹਿਲਾਂ ਦਮਿਸ਼ਕ ਦੇ ਰਹਿਣ ਵਾਲਿਆਂ ਨੂੰ ਅਤੇ ਯਰੂਸ਼ਲਮ ਅਤੇ ਸਾਰੇ ਯਹੂਦਿਯਾ ਦੇਸ ਵਿੱਚ ਅਤੇ ਪਰਾਈਆਂ ਕੌਮਾਂ ਨੂੰ ਵੀ ਉਪਦੇਸ਼ ਕੀਤਾ ਭਈ ਤੌਬਾ ਕਰੋ ਅਤੇ ਪ੍ਰਮੇਸ਼ਵਰ ਦੀ ਵੱਲ ਮੁੜੋ ਅਤੇ ਤੌਬਾ ਦੇ ਲਾਇਕ ਕੰਮ ਕਰੋ" (ਕਰਤੱਬ 26:19-20)।

ਪੌਲੁਸ ਆਖ ਰਿਹਾ ਹੈ, "ਮੈਂ ਜਿੱਥੇ ਵੀ ਗਿਆ, ਮੈਂ ਤੌਬਾ ਦਾ ਹੀ ਪ੍ਰਚਾਰ ਕੀਤਾ; ਅਤੇ ਸੱਚੀ ਤੌਬਾ ਕੰਮਾਂ ਦੁਆਰਾ ਹੀ ਜ਼ਾਹਰ ਹੁੰਦੀ ਹੈ!" ਇਹ ਸਭ ਆਇਤਾਂ ਸਪੱਸ਼ਟ ਕਰਦੀਆਂ ਹਨ ਕਿ ਰਸੂਲਾਂ ਦੀ ਕਲੀਸਿਆ ਨੇ ਵੀ ਪੂਰੇ ਤੌਰ ਤੇ ਯੂਹੰਨਾ ਅਤੇ ਯਿਸੂ ਦੁਆਰਾ ਪ੍ਰਚਾਰ ਕੀਤੇ ਸੁਸਮਾਚਾਰ ਦਾ ਹੀ ਪ੍ਰਚਾਰ ਕੀਤਾ: "ਆਪਣੇ ਪਾਪਾਂ ਦੀ ਮਾਫ਼ੀ ਲਈ ਤੌਬਾ ਕਰੋ!"

## ਤੌਬਾ ਕਰਨ ਤੋਂ ਕੀ ਭਾਵ ਹੈ?

ਕੁਝ ਮਸੀਹੀ ਮੰਨਦੇ ਹਨ ਕਿ ਤੌਬਾ ਕਰਨ ਦਾ ਅਰਥ ਹੈ "ਮੁੜ ਜਾਣਾ" ਅਤੇ ਬਿਲਕੁਲ ਉਲਟੀ ਦਿਸ਼ਾ ਵਿੱਚ ਚੱਲਣਾ। ਪਰੰਤੂ ਬਾਈਬਲ ਅਨੁਸਾਰ ਤੌਬਾ ਇਸਤੋਂ ਵਧਕੇ ਹੈ। ਮੈਂ ਇੱਕ ਵਾਰ ਇੱਕ ਵਿਅਕਤੀ ਨੂੰ ਇਹ ਆਖਦੇ ਸੁਣਿਆ, "ਮੈਂ ਬਹੁਤ ਖੁਸ਼ ਹਾਂ ਕਿਉਂਕਿ ਮੈਂ ਨਵੇਂ ਨੇਮ ਦੀ ਯੂਨਾਨੀ ਭਾਸ਼ਾ ਨੂੰ ਜਾਣਦਾ ਹਾਂ; ਯੂਨਾਨੀ ਵਿੱਚ 'ਤੌਬਾ ਕਰਨ' ਦਾ ਅਰਥ ਹੈ 'ਆਪਣੇ ਮਨ ਨੂੰ ਬਦਲਨਾ'"।

ਨਹੀਂ ਇਸ ਵਿਅਕਤੀ ਨੂੰ ਯੂਨਾਨੀ ਦਾ ਗਿਆਨ ਨਹੀਂ ਹੈ। ਨਵੇਂ ਨੇਮ ਵਿੱਚ "ਤੌਬਾ ਕਰਨ" ਦਾ ਅਰਥ ਹੈ, "ਆਤਮ-ਗਿਲਾਨੀ ਹੋਣਾ ਅਰ ਪ੍ਰਮੇਸ਼ਵਰ ਵਿਰੁੱਧ ਕੀਤੇ ਪਾਪਾਂ ਲਈ ਖੁਦ ਨੂੰ ਦੋਸ਼ੀ ਮੰਨਣਾ; ਪਛਤਾਵਾ ਹੋਣ, ਅਫ਼ਸੋਸ ਹੋਣਾ, ਦਿਸ਼ਾ ਬਦਲਣ ਦੀ ਚਾਹਤ ਕਰਨਾ"। ਇੱਥੇ ਮੁੱਖ ਅੰਤਰ "ਚਾਹਤ ਕਰਨਾ" ਸ਼ਬਦ ਦਾ ਹੈ। ਸੱਚੀ ਤੌਬਾ ਵਿੱਚ ਬਦਲਣ ਦੀ ਇੱਛਾ ਹੁੰਦੀ ਹੈ। ਨਾਲ ਹੀ, ਕੇਵਲ 'ਮਾਫ਼ੀ ਮੰਗਣਾ' ਤੌਬਾ ਕਰਨਾ ਨਹੀਂ ਹੁੰਦਾ ਬਲਕਿ ਸੱਚੀ ਉਦਾਸੀ ਅਰ ਪਛਚਾਤਾਪ ਤੌਬਾ ਵੱਲ ਲੈ ਕੇ ਜਾਂਦੇ ਹਨ। ਪੌਲੁਸ ਆਖਦਾ ਹੈ, "ਕਿਉਂ ਜੋ ਪ੍ਰਮੇਸ਼ਵਰ ਜੋਗ ਉਦਾਸੀ ਮੁਕਤੀ ਲਈ ਅਜਿਹੀ ਤੌਬਾ ਪੈਦਾ ਕਰਦੀ ਹੈ ਜਿਸ ਤੋਂ ਕੋਈ ਨਹੀਂ ਪਛਤਾਉਂਦਾ ਪਰ ਸੰਸਾਰ ਦੀ ਉਦਾਸੀ ਮੌਤ ਨੂੰ ਪੈਦਾ ਕਰਦੀ ਹੈ" (2 ਕੁਰਿੰਥੀਆਂ 7:10)।

ਪੌਲੁਸ ਇੱਕ ਅਜਿਹੀ ਉਦਾਸੀ ਦੀ ਗੱਲ ਕਰਦਾ ਹੈ ਜਿਹੜੀ ਸੱਚੇ ਦਿਲੋਂ ਹੋਵੇ- ਜਿਹੜੀ ਤੌਬਾ ਕਰਨ ਵਾਲੇ ਦੇ ਜੀਵਨ ਦਾ "ਅਭਿੰਨ ਅੰਗ" ਬਣ ਜਾਵੇ। ਇਹ ਈਸ਼ਵਰੀ ਉਦਾਸੀ ਅਜਿਹੀ ਤੌਬਾ ਪੈਦਾ ਕਰਦੀ ਹੈ ਜਿਸ ਨਾਲ ਪਾਪ ਤੋਂ ਨਫ਼ਰਤ ਹੋ ਜਾਂਦੀ ਹੈ, ਪ੍ਰਮੇਸ਼ਵਰ ਦਾ ਪਵਿੱਤਰ ਭੈਅ ਆ ਜਾਂਦਾ ਅਰ ਸਭ ਗਲਤ ਨੂੰ ਸਹੀ ਕਰਨ ਦੀ ਇੱਛਾ ਪੈਦਾ ਹੁੰਦੀ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪੌਲੁਸ ਵਿਸ਼ਵਾਸੀਆਂ ਨੂੰ ਤੌਬਾ ਦਾ ਪ੍ਰਚਾਰ ਕਰਦਾ ਹੈ। ਉਹ ਕੁਰਿੰਥੁਸ ਦੇ ਮਸੀਹੀਆਂ ਨੂੰ ਤੌਬਾ ਦਾ ਸਖ਼ਤ ਪ੍ਰਚਾਰ ਕਰਦਾ ਹੈ। ਕੁਰਿੰਥੁਸ ਦੇ ਵਿਸ਼ਵਾਸੀਆਂ ਨੂੰ ਪ੍ਰਮੇਸ਼ਵਰ ਨੇ ਆਪਣੇ ਕਲਾਮ ਨੂੰ ਉੱਤਮ ਸਿੱਖਿਅਕਾਂ ਤੋਂ ਸਿੱਖਣ ਦੀ ਵੱਡੀ ਬਰਕਤ ਦਿੱਤੀ ਸੀ। ਤਦ ਵੀ ਉਹ ਪਾਪਾਂ ਨਾਲ ਜਕੜੇ ਹੋਏ ਸਨ।

ਪੌਲੁਸ ਪਹਿਲਾਂ ਕੁਰਿੰਥੁਸ ਦੇ ਲੋਕਾਂ ਨੂੰ ਆਖਦਾ ਹੈ, "ਰਸੂਲਾਂ ਦੇ ਨਿਸ਼ਾਨ ਪੂਰੀ ਧੀਰਜ ਨਾਲ ਨਿਸ਼ਾਨੀਆਂ ਅਚੰਭਿਆਂ ਅਤੇ ਕਰਮਾਤਾਂ ਤੋਂ ਤੁਹਾਡੇ ਵਿੱਚ ਠੀਕ ਵਿਖਾਏ ਗਏ" (2 ਕੁਰਿੰਥੀਆਂ 12:12) ਪਰੰਤੂ ਫਿਰ ਪੌਲੁਸ ਬੜਾ ਸਪੱਸ਼ਟ ਉਨ੍ਹਾਂ ਨੂੰ ਆਖਦਾ ਹੈ: "ਮੈਂ ਡਰਦਾ ਹਾਂ ਕਿ ਕਿਤੇ ਐਓਂ ਨਾ ਹੋਵੇ ਕਿ ਮੈਂ ਆ ਕੇ ਜਿਹੋ ਜਿਹੇ ਤੁਹਾਨੂੰ ਚਾਹੁੰਦਾ ਹਾਂ ਓਹੋ ਜਿਹੇ ਨਾ ਪਾਵਾਂ...(2 ਕੁਰਿੰਥੀਆਂ 12:20)। ਪੌਲੁਸ ਦਾ ਡਰ ਕੀ ਸੀ? ਉਹ ਇਹ ਸੀ ਕਿ "ਜਦੋਂ ਮੈਂ ਫੇਰ ਆਵਾਂ ਤਾਂ ਮੇਰਾ ਪ੍ਰਮੇਸ਼ਵਰ ਮੈਨੂੰ ਤੁਹਾਡੇ ਅੱਗੇ ਹੌਲਿਆਂ ਪਾਵੇ ਅਤੇ ਮੈਂ ਉਨ੍ਹਾਂ ਵਿੱਚੋਂ ਬਾਹਲਿਆਂ ਦੇ ਲਈ ਸੋਗ ਕਰਾਂ ਜਿਨ੍ਹਾਂ ਨੇ ਅੱਗੇ ਪਾਪ ਕੀਤਾ ਹੈ ਅਤੇ ਮੁੜ ਆਪਣੇ ਗੰਦ ਮੰਦ, ਹਰਾਮਕਾਰੀ, ਅਤੇ ਲੁੱਚਪੁਣੇ ਤੋਂ ਤੌਬਾ ਨਾ ਕੀਤੀ ਹੋਵੇ" (2 ਕੁਰਿੰਥੀਆਂ 12:21)।

ਇਸ ਕੋਮਲ ਹਿਰਦੇ ਵਾਲਾ ਆਜੜੀ ਕੁਰਿੰਥੁਸ ਦੇ ਸਮਝੌਤਾ ਕਰਨ ਵਾਲੇ ਵਿਸ਼ਵਾਸੀਆਂ ਨੂੰ ਪਿਆਰ ਕਰਦਾ ਸੀ। ਹਾਲਾਂਕਿ ਉਹ ਜਾਣਦਾ ਸੀ ਕਿ ਉਨ੍ਹਾਂ ਨੂੰ ਚੰਗੀ ਤਰਾਂ ਸਿਖਾਇਆ ਗਿਆ ਸੀ ਕਿ ਪਾਪਾਂ ਵਿੱਚ

(ਚਲਦਾ ਸਫਾ 6-)

**Statement about ownership and other particulars about the Newspaper Echo of His Call (Punjabi) - Form IV**

**(See Rule 8)**

1. Place of Publication : **10, Mohammed Abdullah Street, Chepauk, Chennai - 600 005**
2. Periodicity : **Monthly**
3. Printer, Editor, Owner & Publisher : **S. Sam Selva Raj** (Same Address)
4. Nationality : **Indian**

I **S. Sam Selva Raj**, hereby that the particulars given above are true to the best of my knowledge and belief.

**March 2021** **S. Sam Selva Raj.**

GREAT COMMISSION PARTNERS ECHO OF HIS CALL MINISTRIES SINCE 1969

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2) ਵੰਡਣਾ (ਗਲਾਤੀਆਂ ੬:੨) SUPPORT (Romans 12:13) ਸਹਾਇਤਾ ਕਰਨਾ(ਰੋਮੀਆਂ ੧੨:੧੩) SPEEDUP (II Timothy 1:6) ਤੇਜੀ ਕਰਨਾ (੨ਤਿਮੋਥੀਅਸ ੧:੬)

## ਪ੍ਰਾਰਥਨਾ ਅਤੇ ਵਡਿਆਈ ਦੇ ਮੁੱਦੇ- 19 ਮਾਰਚ 2021 ਤੋਂ 18 ਅਪ੍ਰੈਲ 2021 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਵਡਿਆਈ ਦੇ ਮੁੱਦੇ

19 ਮਾਰਚ: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਸਾਡੇ ਮੁੱਖ ਚਰਚ ਦੇ ਸਭ ਸੇਵਕਾਈ ਦੇ ਕੰਮਾਂ ਨੂੰ ਬਰਕਤ ਦਿੱਤੀ।

20 ਮਾਰਚ: ਪ੍ਰਮੇਸ਼ਵਰ ਨੇ ਬੁਲਾਵੇ ਦੀ ਗੂੰਜ ਦੇ ਪ੍ਰਕਾਸ਼ਨਾਂ ਵਿੱਚ ਮਨੀਪੁਰੀ ਭਾਸ਼ਾ ਨੂੰ ਜੋੜਨ ਦੀ ਬਰਕਤ ਦਿੱਤੀ।

21 ਮਾਰਚ: ਬਾਈਬਲਕੋਰ ਅਰ ਥਿਆਲੋਜੀਕਲ ਪੱਤਰ ਵਿਹਾਰ ਕੋਰਸਾਂ ਨੂੰ ਅਸੀਸ ਦੇਣ ਲਈ ਪ੍ਰਮੇਸ਼ਵਰ ਦੀ ਵਡਿਆਈ ਹੋਵੇ।

22 ਮਾਰਚ: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਨੂੰ ਬਰਕਤ ਦਿੱਤੀ।

23 ਮਾਰਚ: ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਮਹਾਂਆਦੇਸ਼ ਸਹਿਭਾਗੀਆਂ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

24 ਮਾਰਚ: ਕਲੀਸਿਆ ਵਿੱਚ ਮੁਬਾਰਕ ਅਤੇ ਅਭਿਸ਼ਿਕਤ ਨਵੇਂ ਵਿਸ਼ਵਾਸੀ ਦੇਣ ਲਈ ਪ੍ਰਮੇਸ਼ਵਰ ਦਾ ਸ਼ੁਕਰ ਹੋਵੇ।

25 ਮਾਰਚ: ਸਾਨੂੰ ਸਟੇਟ ਕੋਆਰਡੀਨੇਟਰ ਅਤੇ ਉਨ੍ਹਾਂ ਦੇ ਪਰਿਵਾਰ ਦੇਣ ਲਈ ਪ੍ਰਮੇਸ਼ਵਰ ਦੀ ਵਡਿਆਈ ਹੋਵੇ।

26 ਮਾਰਚ: ਸਾਡੀਆਂ ਸੇਵਕਾਈ ਯਾਤਰਾਵਾਂ ਨੂੰ ਅਸੀਸ ਦੇਣ ਲਈ ਪ੍ਰਮੇਸ਼ਵਰ ਦਾ ਧੰਨਵਾਦ ਹੋਵੇ।

27 ਮਾਰਚ: ਸਾਡੇ ਸਹਾਇਕ ਸੰਪਾਦਕਾਂ ਅਰ ਉਨ੍ਹਾਂ ਦੇ ਪਰਿਵਾਰਾਂ ਦੀ ਸੇਵਕਾਈ ਲਈ ਪ੍ਰਮੇਸ਼ਵਰ ਦੀ ਮਹਿਮਾ ਹੋਵੇ।

28 ਮਾਰਚ: ਸਾਡੇ ਛਾਪੇਖਾਨੇ ਅਰ ਉਸ ਵਿੱਚ 17 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਸਾਹਿਤ ਨੂੰ ਬਰਕਤ ਦੇਣ ਅਤੇ ਮਿਸ਼ਨ ਖੇਤਰਾਂ ਵਿੱਚ ਭੇਜਣ ਲਈ ਪ੍ਰਮੇਸ਼ਵਰ ਦੀ ਵਡਿਆਈ ਹੋਵੇ।

29 ਮਾਰਚ: ਪ੍ਰਮੇਸ਼ਵਰ ਨੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੀਆਂ ਔਨਲਾਈਨ ਕਲਾਸਾਂ ਨੂੰ ਅਸੀਸ ਦਿੱਤੀ।

30 ਮਾਰਚ: ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੇ ਅਧਿਆਪਕਾਂ ਅਤੇ ਸਟਾਫ਼ ਨੂੰ ਬਰਕਤ ਦੇਣ ਲਈ ਪ੍ਰਮੇਸ਼ਵਰ ਦਾ ਸ਼ੁਕਰ ਹੋਵੇ।

31 ਮਾਰਚ: ਸਾਲ 2020 ਵਿੱਚ ਕੋਵਿਡ-19 ਦੇ ਸਮੇਂ ਵਿੱਚ ਵੀ ਸਾਡੀਆਂ ਜਾਨਾਂ ਦੀ ਰਾਖੀ ਕਰਨ ਲਈ ਪ੍ਰਮੇਸ਼ਵਰ ਦਾ ਧੰਨਵਾਦ ਹੋਵੇ।

01 ਅਪ੍ਰੈਲ: ਪ੍ਰਮੇਸ਼ਵਰ ਨੇ ਕੋਵਿਡ-19 ਦੇ ਸਮੇਂ ਦੌਰਾਨ ਵੀ ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਸਭ ਕੰਮਾਂ ਨੂੰ ਅਸੀਸ ਦਿੱਤੀ।

02 ਅਪ੍ਰੈਲ: ਪ੍ਰਮੇਸ਼ਵਰ ਦੀ ਵਡਿਆਈ ਕਰੀਏ ਕਿ ਸਾਡੀਆਂ ਚਰਚ ਸਭਾਵਾਂ ਮੁੜ ਹੋਣ ਲੱਗੀਆਂ ਹਨ।

03 ਅਪ੍ਰੈਲ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

### ਪ੍ਰਾਰਥਨਾ ਦੇ ਮੁੱਦੇ

04 ਅਪ੍ਰੈਲ: ਸਾਡੀ ਪ੍ਰਾਰਥਨਾ ਹੈ ਕਿ ਪ੍ਰਮੇਸ਼ਵਰ ਉਨ੍ਹਾਂ ਸਭ ਮਿੱਤਰਾਂ ਅਰ ਵਿਸ਼ਵਾਸੀਆਂ ਨੂੰ ਬਰਕਤ ਦੇਵੇ ਜਿਨ੍ਹਾਂ ਨੂੰ ਅਸੀਂ ਸਾਲ 2020 ਵਿੱਚ ਮਿਲੇ।

05 ਅਪ੍ਰੈਲ: ਅਸੀਂ ਸੁਸਮਾਚਾਰ ਪ੍ਰਿੰਟਿੰਗ ਪ੍ਰੈੱਸ ਦੀ ਬਰਕਤ ਲਈ ਪ੍ਰਾਰਥਨਾ ਕਰੀਏ।

06 ਅਪ੍ਰੈਲ: ਅਸੀਂ ਸਭ ਧਰਮਾਂ ਵਿਚਕਾਰ ਏਕਤਾ ਲਈ ਪ੍ਰਾਰਥਨਾ ਕਰੀਏ।

07 ਅਪ੍ਰੈਲ: ਸਭ ਕੌਮਾਂ ਦੇ ਪ੍ਰਮੇਸ਼ਵਰ ਵੱਲ ਮੁੜਨ ਲਈ ਇਮਾਨਦਾਰੀ ਨਾਲ ਪ੍ਰਾਰਥਨਾ ਕਰੀਏ।

08 ਅਪ੍ਰੈਲ: ਸਭ ਨਸ਼ਾ ਕਰਨ ਵਾਲਿਆਂ ਦੇ ਛੁਟਕਾਰੇ ਲਈ ਸੱਚੇ ਦਿਲੋਂ ਪ੍ਰਾਰਥਨਾ ਕਰੀਏ।

09 ਅਪ੍ਰੈਲ: ਅਸੀਂ ਸਾਡੇ ਮਨੀਪੁਰੀ ਭਾਸ਼ਾ ਦੇ ਸਹਾਇਕ ਸੰਪਾਦਕ, ਰੈਵ. ਡਾ. ਰਿਸ਼ੀਕਾਂਤਾ ਸੋਰੋਖੈਬਮ ਅਰ ਪਰਿਵਾਰ ਲਈ ਪ੍ਰਾਰਥਨਾ ਕਰੀਏ।

10 ਅਪ੍ਰੈਲ: ਅਸੀਂ ਸਾਡੇ ਅੰਗ੍ਰੇਜ਼ੀ ਦੇ ਸਹਾਇਕ ਸੰਪਾਦਕ, ਬ੍ਰ. ਐੱਮ. ਪੌਲਰਾਜ ਦੀ ਪੂਰਨ ਚੰਗਾਈ ਅਰ ਸ਼ਾਂਤੀ ਲਈ ਪ੍ਰਾਰਥਨਾ ਕਰੀਏ।

11 ਅਪ੍ਰੈਲ: ਸੰਸਾਰ ਭਰ ਵਿੱਚੋਂ ਕਰੋਨਾ ਦੇ ਜਲਦ ਖਾਤਮੇ ਲਈ ਪ੍ਰਾਰਥਨਾ ਕਰੀਏ।

12 ਅਪ੍ਰੈਲ: ਅਸੀਂ ਸਾਡੀ ਸੰਸਥਾ, ਸਮੁੱਚੇ ਸਟਾਫ਼ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਾਰਥਨਾ ਕਰੀਏ।

13 ਅਪ੍ਰੈਲ: ਇਸ ਸਾਲ ਦੇ ਸਭ ਖ਼ਰਚਿਆਂ ਉੱਪਰ ਪ੍ਰਮੇਸ਼ਵਰ ਦੀ ਬਰਕਤ ਹੋਣ ਲਈ ਪ੍ਰਾਰਥਨਾ ਕਰੀਏ।

14 ਅਪ੍ਰੈਲ: ਸਾਡੇ ਉੱਤਰ ਭਾਰਤ ਦੇ ਮਿਸ਼ਨਰੀਆਂ ਲਈ ਅਰ ਉਨ੍ਹਾਂ ਦੀ ਭਲਾਈ ਲਈ ਪ੍ਰਾਰਥਨਾ ਕਰੀਏ।

15 ਅਪ੍ਰੈਲ: ਪ੍ਰਮੇਸ਼ਵਰ ਸਾਡੇ ਛਾਪੇਖਾਨੇ ਨੂੰ ਸੁਰੱਖਿਅਤ ਅਤੇ ਸਵੱਛ ਰੱਖੇ।

16 ਅਪ੍ਰੈਲ: ਸਭ ਮਿਸ਼ਨਰੀ ਅਰ ਵਿਸ਼ਵਾਸੀ, ਸੇਵਕਾਈ ਵਿੱਚ ਇਕਜੁੱਟ ਹੋ ਜਾਣ।

17 ਅਪ੍ਰੈਲ: ਸਾਡੀਆਂ ਸੇਵਕਾਈਆਂ ਦੇ ਵਾਧੇ ਅਤੇ ਵਿਸਤਾਰ ਲਈ ਪ੍ਰਾਰਥਨਾ ਕਰੀਏ।

18 ਅਪ੍ਰੈਲ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਰ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖੇ।

(ਸਫਾ 4 ਤੋਂ ਚਲਦਾ-)

ਜੀਣਾ ਗਲਤ ਸੀ। ਉਹ ਉਨ੍ਹਾਂ ਨੂੰ ਆਖਦਾ ਹੈ, ਜਦੋਂ ਮੈਂ ਦੁਬਾਰਾ ਆਵਾਂ ਤਾਂ ਕੀ ਤੁਸੀਂ ਮੇਰੇ ਸਿਰ ਨੂੰ ਤੁਹਾਡੇ ਪਾਪਾਂ ਕਾਰਨ ਝੁਕਿਆ ਹੋਇਆ, ਮੇਰੀਆਂ ਅੱਖਾਂ ਨੂੰ ਹੰਝੂਆਂ ਨਾਲ ਭਰੀਆਂ ਅਤੇ ਅਵਾਜ਼ ਨੂੰ ਦਰਦ ਨਾਲ ਕੁਰਲਾਉਂਦੀ ਵੇਖਣਾ ਚਾਹੁੰਦੇ ਹੋ? ਜੇਕਰ ਮੈਂ ਤੁਹਾਨੂੰ ਅਸ਼ੁੱਧਤਾ, ਹਰਾਮਕਾਰੀ ਅਤੇ ਵਾਸਨਾਵਾਂ ਵਿੱਚ ਡੁੱਬਿਆ ਵੇਖਾਂ ਤਾਂ ਮੈਂ ਇਹ ਜਾਣਦੇ ਹੋਏ ਅੱਤ ਸ਼ੋਕਿਤ ਹੋਵਾਂਗਾ ਕਿ ਸੁਸਮਾਚਾਰ ਨੇ ਤੁਹਾਡੇ ਦਿਲਾਂ ਵਿੱਚ ਕੰਮ ਨਹੀਂ ਕੀਤਾ। ਤੁਸੀਂ ਹਾਲੇ ਵੀ ਤੁਹਾਡੇ ਪਾਪਾਂ ਤੋਂ ਤੌਬਾ ਨਹੀਂ ਕੀਤੀ ਅਤੇ ਮੈਂ ਤੁਹਾਨੂੰ ਤੌਬਾ ਕਰਨ ਲਈ ਉੱਚੀ-ਉੱਚੀ ਪੁਕਾਰਦਾ ਹਾਂ।

## ਪੌਲੁਸ ਦੇ ਇਸ ਸ਼ਬਦ ਮੈਨੂੰ ਸ਼ਰਮਿੰਦਾ ਕਰਦੇ ਹਨ

ਜਦੋਂ ਮੈਂ ਪੌਲੁਸ ਦੇ ਸ਼ਬਦਾਂ ਨੂੰ ਪੜ੍ਹਦਾ ਹਾਂ ਤਾਂ ਮੈਂ ਆਪਣੀ ਖੁਦ ਦੀ ਸੇਵਕਾਈ ਨੂੰ ਜਾਂਚਦਾ ਹਾਂ। ਅਤੇ ਮੈਂ ਖੁਦ ਨੂੰ ਪੁੱਛਦਾ ਹਾਂ, "ਕਿ ਕੀ ਮੈਂ ਯਿਸੂ ਦੁਆਰਾ ਪ੍ਰਚਾਰ ਕੀਤੇ ਗਏ-ਤੌਬਾ ਦੇ ਪ੍ਰਚਾਰ ਨੂੰ ਕੀਤਾ ਵੀ ਹੈ ਜਾਂ ਨਹੀਂ? ਕੀ ਮੈਂ ਮਸੀਹ ਲਈ ਕੀਮਤ ਚੁਕਾਉਣ ਵਾਲਾ ਹਿੱਸਾ ਬਾਈਬਲ ਵਿੱਚੋਂ ਕੈਂਚੀ ਨਾਲ ਕੱਟ ਤਾਂ ਨਹੀਂ ਦਿੱਤਾ? ਕੀ ਮੈਂ ਮਸੀਹ ਦੇ ਸੁਸਮਾਚਾਰ ਦੇ ਸਤਰ ਨੂੰ ਇਹ ਆਖ ਕੇ ਕਿ 'ਕੇਵਲ ਨਿਹਚਾ ਕਰੋ ਅਰ ਬਚਾਏ ਜਾਓਗੇ', ਘੱਟ ਤਾਂ ਨਹੀਂ ਕਰ ਦਿੱਤਾ?"

ਜਦੋਂ ਮੈਂ ਅੱਜ ਕਲੀਸਿਆ ਨੂੰ ਵੇਖਦਾ ਹਾਂ ਤਾਂ ਹੈਰਾਨ ਹੁੰਦਾ ਹਾਂ: ਕੀ ਅਸੀਂ ਸੁਸਮਾਚਾਰਕ 'ਪ੍ਰਮੇਸ਼ਵਰ ਜੋਗ ਉਦਾਸੀ' ਦਾ, ਜੋ ਸੱਚੀ ਤੌਬਾ ਵੱਲ ਲਿਜਾਂਦੀ ਹੈ, ਪ੍ਰਚਾਰ ਕਰਦੇ ਹਾਂ? ਜਾਂ ਫਿਰ ਅਸੀਂ ਤੌਬਾ ਨਾ ਕੀਤੇ ਹੋਏ ਲੋਕਾਂ ਦੀ ਭੀੜ ਨੂੰ ਝੂਠੀ ਸ਼ਾਂਤੀ ਵੱਲ ਲਿਜਾ ਰਹੇ ਹਾਂ? ਕੀ ਅਸੀਂ ਉਨ੍ਹਾਂ ਨੂੰ ਇਹ ਸਿਖਾ ਰਹੇ ਹਾਂ ਕਿ ਪ੍ਰਮੇਸ਼ਵਰ ਨੂੰ ਸਿਰਫ਼ ਇਹੀ ਚਾਹੀਦਾ ਹੈ ਕਿ ਅਸੀਂ ਉਸਨੂੰ ਇਹ ਆਖ ਦਾਈਏ "ਮੈਂ ਯਿਸੂ ਉੱਤੇ ਨਿਹਚਾ ਕਰਦਾ ਹਾਂ"? ਕੀ ਅਸੀਂ ਪਛਤਾਵੇ ਦੀ ਭਾਵਨਾ ਨੂੰ ਨਜ਼ਰਅੰਦਾਜ਼ ਹੀ ਕਰ ਦਿੱਤਾ ਹੈ? ਕੀ ਅਸੀਂ ਉਨ੍ਹਾਂ ਨੂੰ ਵੀ ਮੁਕਤੀ ਦੇ ਹੱਕਦਾਰ ਦੱਸ ਰਹੇ ਹਾਂ ਜਿਨ੍ਹਾਂ ਨੇ ਤੌਬਾ ਨਹੀਂ ਕੀਤੀ, ਜਿਹੜੇ ਆਪਣੇ ਕੀਤੇ ਪਾਪਾਂ ਲਈ ਉਦਾਸ ਨਹੀਂ ਹਨ, ਜਿਨ੍ਹਾਂ ਨੂੰ ਆਪਣੇ ਪਾਪਾਂ ਦੀ ਵਧਦੀ ਜਾਂਦੀ ਤੀਬਰਤਾ ਵਿਖਾਈ ਨਹੀਂ ਦਿੰਦੀ ਅਤੇ ਜਿਹੜੇ ਵਿਸ਼ਵਾਸੀ ਹੀ ਇਸ ਕਰਕੇ ਹਨ ਕਿ ਆਪਣੀਆਂ ਵਾਸਨਾਵਾਂ ਨੂੰ ਨਿਹਚਾ ਪਿੱਛੇ ਛਿਪਾ ਸਕਣ?

ਅਸੀਂ ਹਰ ਰੋਜ਼ ਸੁਣਦੇ ਹਾਂ ਕਿ ਅਲੱਗ ਅਲੱਗ ਸੇਵਕਾਈਆਂ ਰਾਹੀਂ ਵੱਡੀ ਗਿਣਤੀ ਵਿੱਚ ਲੋਕ ਯਿਸੂ ਕੋਲ ਆ ਰਹੇ ਹਨ। ਮਸੀਹੀ ਲੋਕ ਦੱਸਦੇ ਹਨ ਕਿ ਜਦੋਂ ਅਸੀਂ ਜੇਲਾਂ, ਸਕੂਲਾਂ ਅਰ ਕਬੀਲਿਆਂ ਵਿੱਚ ਪ੍ਰਚਾਰ ਕੀਤਾ ਤਾਂ ਲੱਖਾਂ ਲੋਕ ਬਚ ਗਏ। ਉਹ ਆਖਦੇ ਹਨ, "ਉਸ ਥਾਂ ਤੇ ਸਭ ਨੇ ਯਿਸੂ ਨੂੰ ਆਪਣਾ ਦਿਲ ਦੇ ਦਿੱਤਾ; ਜਦੋਂ ਮੈਂ ਪ੍ਰਚਾਰ ਖ਼ਤਮ ਕੀਤਾ ਤਾਂ ਉਹ ਸਭ ਮੁਕਤੀ ਪਾਉਣ ਲਈ ਅੱਗੇ ਆ ਗਏ"।

ਇਹ ਕੇਵਲ ਇੱਕ ਦੁਖਦਾਈ ਅਤਿਕਥਨੀ ਹੈ। ਆਮ ਤੌਰ ਤੇ ਇਹ ਹੁੰਦਾ ਹੈ ਕਿ ਲੋਕ ਇੱਕ ਪ੍ਰਾਰਥਨਾ ਦੁਹਰਾਉਂਦੇ ਹਨ। ਉਹ ਉਸ ਪ੍ਰਾਰਥਨਾ ਨੂੰ ਕਰਦੇ ਹੀ ਨਹੀਂ ਜਿਹੜੀ ਉਨ੍ਹਾਂ ਨੂੰ ਆਖੀ ਜਾਂਦੀ ਹੈ ਅਤੇ ਬਹੁਤ ਘੱਟ ਲੋਕ ਹੀ ਉਨ੍ਹਾਂ ਦੇ ਸ਼ਬਦਾਂ ਨੂੰ ਸਮਝ ਪਾਉਂਦੇ ਹਨ। ਫਿਰ ਉਨ੍ਹਾਂ ਵਿੱਚੋਂ ਬਹੁਤੇ ਆਪਣੇ ਪੁਰਾਣੇ ਮਾਰਗਾਂ ਉੱਪਰ ਹੀ ਚਲੇ ਜਾਂਦੇ ਹਨ। ਅਜਿਹੇ ਲੋਕ ਕਦੇ ਵੀ ਪਵਿੱਤਰ ਆਤਮਾ ਦੇ ਅਦਭੁਤ ਕੰਮਾਂ ਦਾ ਅਨੁਭਵ ਨਹੀਂ ਕਰਦੇ। ਸਿੱਟੇ ਵੱਜੋਂ ਉਹ ਨਾ ਹੀ ਤੌਬਾ ਕਰਦੇ ਨਾ ਹੀ ਪਾਪਾਂ ਤੋਂ ਉਦਾਸ ਹੁੰਦੇ ਅਰ ਨਾ ਹੀ ਸੱਚੀ ਨਿਹਚਾ ਕਰਦੇ ਹਨ। ਦੁਖਦਾਈ ਗੱਲ ਹੈ ਕਿ ਅਸੀਂ ਉਨ੍ਹਾਂ ਨੂੰ ਉਹ ਮੁਕਤੀ ਦੇਣ ਦੀ ਗੱਲ ਕਰਦੇ ਹਾਂ ਜਿਹੜੀ ਯਿਸੂ ਨੇ ਕਦੇ ਵੀ ਬਗੈਰ ਤੌਬਾ ਤੋਂ ਨਹੀਂ ਦਿੱਤੀ।

ਮੈਂ ਸਮਝਦਾ ਹਾਂ ਕਲੀਸਿਆ ਨੇ ਪਛਤਾਵੇ ਨੂੰ ਤਿਆਗ ਹੀ ਦਿੱਤਾ ਹੈ। ਧਿਆਨ ਦਿਓ- ਤੁਸੀਂ ਮੁਕਤੀ ਪਾਉਣ ਵਾਲਿਆਂ ਵਿੱਚ ਕਿਸੇ ਵਿਰਲੇ ਦੀਆਂ ਅੱਖਾਂ ਵਿੱਚ ਹੀ ਹੰਝੂਆਂ ਨੂੰ ਵੇਖਿਆ ਹੋਵੇਗਾ। ਹਾਂ, ਮੈਂ ਜਾਣਦਾ ਹਾਂ ਕਿ ਹੰਝੂ ਕਿਸੇ ਨੂੰ ਬਚਾ ਨਹੀਂ ਸਕਦੇ। ਪਰੰਤੂ ਪ੍ਰਮੇਸ਼ਵਰ ਨੇ ਸਾਨੂੰ ਭਾਵਨਾਵਾਂ ਸਹਿਤ ਸਾਜਿਆ ਹੈ। ਅਤੇ ਕੋਈ ਵੀ ਨਰਕੀਆ ਪਾਪੀ ਜਦੋਂ ਪਾਕ ਰੂਹ ਦੁਆਰਾ ਛੋਹਿਆ ਜਾਂਦਾ ਹੈ ਤਾਂ ਕੁਦਰਤੀ ਤੌਰ ਤੇ ਹੀ ਪੁਰਾਣੇ ਪਾਪਾਂ ਦੁਆਰਾ ਪ੍ਰਮੇਸ਼ਵਰ ਨੂੰ ਦੁੱਖ ਪਹੁੰਚਾਉਣ ਕਾਰਨ ਦੁਖੀ ਹੁੰਦਾ ਹੈ।

ਪਤਰਸ ਰਸੂਲ ਨੇ ਅਜਿਹੀ ਈਸ਼ਵਰੀ ਉਦਾਸੀ ਦਾ ਅਨੁਭਵ ਕੀਤਾ, ਜਦੋਂ ਉਸਨੇ ਯਿਸੂ ਦਾ ਇਨਕਾਰ ਕੀਤਾ। ਉਸਨੂੰ ਯਿਸੂ ਦੀ ਉਹ ਗੱਲ ਯਾਦ ਆਉਂਦੀ ਹੈ, "ਮੁਰਗੇ ਦੇ ਬਾਂਗ ਦੇਣ ਤੋਂ ਪਹਿਲਾਂ ਤੂੰ ਤਿੰਨ ਵਾਰ ਮੇਰਾ ਇਨਕਾਰ ਕਰੇਂਗਾ" ਅਰ ਇਸਨੂੰ ਯਾਦ ਕਰਕੇ ਉਹ ਰੋਂਦਾ ਹੈ (ਮਰਕੁਸ 14:72)। ਇਨ੍ਹਾਂ ਗੱਲਾਂ ਨੂੰ ਚੇਤੇ ਕਰਕੇ ਪਤਰਸ ਭਾਵੁਕ ਹੋ ਜਾਂਦਾ ਹੈ।

ਪਿਆਰਿਓ, ਅਸੀਂ ਆਪਣੇ ਆਪ ਅਜਿਹੀ ਤੌਬਾ ਨਹੀਂ ਕਰ ਸਕਦੇ। ਕੇਵਲ ਪਵਿੱਤਰ ਆਤਮਾ ਹੀ ਸਾਡੇ ਉੱਤੇ ਪਰਗਟ ਕਰ ਸਕਦਾ ਹੈ ਕਿ ਅਸੀਂ ਵੀ ਪਤਰਸ ਵਾਂਗ ਕਿਵੇਂ ਆਪਣੇ ਮੁਕਤੀਦਾਤਾ ਨੂੰ ਦੁੱਖ ਦਿੱਤੇ ਹਨ। ਅਰ ਉਹ ਪ੍ਰਕਾਸ਼ਨ ਸਾਨੂੰ ਗਹਿਰੀ ਉਦਾਸੀ ਵੱਲ ਲੈ ਕੇ ਜਾਂਦਾ ਹੈ। ਮੈਂ ਸ਼ੁੱਧਤਾਵਾਦੀ ਲੇਖਕਾਂ ਦੇ ਸਭ ਸਿਧਾਂਤਾਂ ਨਾਲ ਸਹਿਮਤ ਨਹੀਂ ਹਾਂ ਪਰੰਤੂ ਉਨ੍ਹਾਂ ਦੇ ਪਵਿੱਤਰਤਾਈ ਉੱਪਰ ਜ਼ੋਰ ਦੇਣ ਨੂੰ ਪਸੰਦ ਕਰਦਾ ਹਾਂ। ਇਹ ਭਗਤ ਪ੍ਰਚਾਰਕ ਆਪਣੇ ਸੰਦੇਸ਼ਾਂ ਨੂੰ "ਡੂੰਘਾਈ ਤੱਕ ਅਸਰ ਕਰਨ ਵਾਲੇ" ਆਖਦੇ ਸਨ। ਉਹ ਮੰਨਦੇ ਸਨ ਕਿ ਉਹ ਨਿਹਚਾ ਦਾ ਸੱਚਾ ਬੀਜ ਉਦੋਂ ਤੱਕ ਨਹੀਂ ਬੀਜ ਸਕਦੇ ਜਦੋਂ ਤੱਕ ਸੁਣਨ ਵਾਲਿਆਂ ਦੇ ਹਿਰਦੇ ਗਹਿਰਾਈ ਤੱਕ ਜੋਤੇ ਨਾ ਜਾਣ।

ਸ਼ੁੱਧਤਾਵਾਦੀ ਨਿਸ਼ਚਿਤ ਕਰਦੇ ਸਨ


### ਇੱਕ ਪਿਆਰ ਭਰੀ ਬੇਨਤੀ

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਅਸੀਂ ਆਪਣੀਆਂ ਕਈ ਲੋੜਾਂ, ਜਿਵੇਂ ਸਟਾਫ਼ ਦੀ ਤਨਖਾਹ ਦੇਣ, ਪੇਪਰ ਖਰੀਦਣ ਅਰ ਅਵਾਜਾਈ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕਠਿਨਾਈ ਦਾ ਸਾਹਮਣਾ ਕਰ ਰਹੇ ਹਾਂ। ਆਮ ਤੌਰ ਤੇ ਅਸੀਂ ਕਦੇ ਕਿਸੇ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਆਖਦੇ। ਪਰੰਤੂ ਅਸੀਂ ਉਨ੍ਹਾਂ ਅੱਗੇ, ਜੋ ਸੱਚਮੁਚ ਇਸ ਸੇਵਕਾਈ ਨੂੰ ਪਿਆਰ ਕਰਦੇ ਹਨ, ਬੇਨਤੀ ਕਰਦੇ ਹਾਂ ਕਿ ਉਹ ਆਪਣੇ ਨਜ਼ਰਾਨੇ/ ਭੇਟਾਂ ਮਨੀ ਆਡਰ, ਚੈੱਕ ਜਾਂ ਡਿਮਾਂਡ ਡ੍ਰਾਫ਼ਟ, Phone Pay, NEFT ਜਾਂ ਕਿਸੇ ਹੋਰ ਢੰਗ ਨਾਲ ਇਸ ਸੇਵਕਾਈ ਦੀ ਮਦਦ ਲਈ ਭੇਜਣ। ਪ੍ਰਮੇਸ਼ਵਰ ਤੁਹਾਨੂੰ ਜ਼ਰੂਰ ਬਰਕਤ ਦੇਵੇਗਾ! ਵਧੇਰੇ ਜਾਣਕਾਰੀ ਲਈ ਫੋਨ ਕਰੋ: 98412 71858

-ਸੰਪਾਦਕ, ਬੁਲਾਵੇ ਦੀ ਗੂੰਜ

ਕਿ ਉਨ੍ਹਾਂ ਦੇ ਪ੍ਰਚਾਰ ਗਹਿਰਾਈ ਤੱਕ ਜਾ ਕੇ ਹਰੇਕ ਆਤਮਾ ਦੀ ਪੱਥਰ ਜ਼ਮੀਨ ਨੂੰ ਤੋੜਨ। ਉਨ੍ਹਾਂ ਦੇ ਸੰਦੇਸ਼ ਲੋਕਾਂ ਅੰਦਰ ਸੱਚੀ ਤੌਬਾ ਪੈਦਾ ਕਰਦੇ ਸਨ। ਨਤੀਜੇ ਵੱਜੋਂ ਮਸ਼ਹੂਰ ਕਵੀ ਜੌਨ ਮਿਲਟਨ ਵਰਗੇ ਮਜਬੂਤ, ਸਿਆਣੇ ਅਤੇ ਇਮਾਨਦਾਰ ਮਸੀਹੀ ਪੈਦਾ ਹੁੰਦੇ ਸਨ। ਅੱਜ ਦੇ ਪ੍ਰਚਾਰਕ ਬਿਨਾਂ ਜੋਤੇ ਹੀ ਬੀਜਣ ਦਾ ਕੰਮ ਕਰਦੇ ਹਨ। ਮੈਨੂੰ ਬਹੁਤ ਘੱਟ ਅਜਿਹੇ ਸੰਦੇਸ਼ ਸੁਣਨ ਨੂੰ ਮਿਲਦੇ ਹਨ ਜਿਹੜੇ ਉਪੱਰੀ ਸਤਹ ਤੋਂ ਹੇਠਾਂ ਤੱਕ ਜੋਤਣ। ਗਹਿਰੀ ਜੁਤਾਈ ਦਾ ਅਰਥ ਕੇਵਲ ਪਾਪ ਦੀ ਬਿਮਾਰੀ ਬਾਰੇ ਦੱਸਣਾ ਹੀ ਨਹੀਂ ਬਲਕਿ ਇਹ ਉਸ ਬਿਮਾਰੀ ਦੇ ਕਾਰਨ ਦੀ ਵੀ ਜੜ੍ਹ ਤੀਕ ਜਾਂਦੀ ਹੈ।

ਅੱਜ ਦੇ ਜ਼ਿਆਦਾਤਰ ਪ੍ਰਚਾਰ ਬਿਮਾਰੀ ਅਰ ਉਸਦੇ ਕਾਰਨ ਦੀ ਗੱਲ ਕੀਤੇ ਬਿਨਾਂ ਹੀ ਇਲਾਜ ਬਾਰੇ ਦੱਸਦੇ ਹਨ; ਇਹ ਬਿਨਾਂ ਆਪ੍ਰੇਸ਼ਨ ਕੀਤੇ ਹੀ ਦਵਾਈ ਦੀ ਪਰਚੀ ਫੜਾਉਣ ਵਾਲੀ ਗੱਲ ਹੈ।

ਅਫ਼ਸੋਸ, ਅਸੀਂ ਲੋਕਾਂ ਅੰਦਰ ਇਹ ਸੋਚ ਪੈਦਾ ਕਰਦੇ ਹਾਂ ਕਿ ਪਾਪ ਦੀ ਬਿਮਾਰੀ ਤੋਂ ਅਜ਼ਾਦ ਹੋ ਗਏ ਹਨ ਜਦਕਿ ਉਨ੍ਹਾਂ ਨੂੰ ਇਹ ਹੀ ਨਹੀਂ ਪਤਾ ਕਿ ਉਹ ਬਿਮਾਰ ਹਨ। ਅਸੀਂ ਉਨ੍ਹਾਂ ਨੂੰ ਧਾਰਮਿਕਤਾ ਦਾ ਚੋਗਾ ਪਹਿਨਾਉਂਦੇ ਹਾਂ ਜਦੋਂ ਉਹ ਜਾਣਦੇ ਹੀ ਨਹੀਂ ਕਿ ਉਹ ਨੰਗੇ ਹਨ। ਅਸੀਂ ਉਨ੍ਹਾਂ ਨੂੰ ਮਸੀਹ ਉੱਤੇ ਭਰੋਸਾ ਕਰਨ ਲਈ ਉਭਾਰਦੇ ਹਾਂ ਜਦਕਿ ਉਨ੍ਹਾਂ ਨੂੰ ਲਗਦਾ ਹੀ ਨਹੀਂ ਕਿ ਉਹਨਾਂ ਨੂੰ ਨਿਹਚਾ ਕਰਨ ਦੀ ਲੋੜ ਹੈ।ਅਜਿਹੇ ਲੋਕ ਅੰਤ ਵਿੱਚ ਇਹ ਸੋਚਦੇ ਹਨ ਕਿ “ਯਿਸੂ ਨੂੰ ਜੀਵਨ ਵਿੱਚ ਸ਼ਾਮਿਲ ਕਰਨਾ ਕੋਈ ਨੁਕਸਾਨ ਵਾਲੀ ਗੱਲ ਵੀ ਨਹੀਂ”। ਸਾਮਰਥੀ ਅੰਗ੍ਰੇਜ਼ੀ ਪ੍ਰਚਾਰਕ ਸੀ. ਐੱਚ. ਸਪਰਜਨ ਤੌਬਾ ਦੀ ਜ਼ਰੂਰਤ ਬਾਰੇ ਲਿਖਦਾ ਹੈ:

“ਮੈਂ ਮੰਨਦਾ ਹਾਂ ਕਿ ਉਦਾਸੀ ਭਰਪੂਰ ਤੌਬਾ ਹਾਲੇ ਵੀ ਮੌਜੂਦ ਹੈ ਭਾਵੇਂ ਮੈਂ ਇਸ ਬਾਰੇ ਜ਼ਿਆਦਾ ਨਹੀਂ ਸੁਣਦਾ। ਅੱਜਕਲ ਲੋਕ ਬਹੁਤ ਜਲਦੀ ਨਿਹਚਾ ਕਰ ਲੈਂਦੇ ਹਨ...ਮੇਰੇ ਪੁਰਾਣੇ ਦੋਸਤ ਮੈਂ ਉਮੀਦ ਕਰਦਾ ਹਾਂ ਕਿ ਤੌਬਾ ਹਾਲੇ ਮਰੀ ਨਹੀਂ। ਮੈਂ ਤੌਬਾ ਨਾਲ ਮਜਬੂਤ ਪਿਆਰ ਕਰਦਾ ਹਾਂ, ਇਹ ਨਿਹਚਾ ਦੀ ਜੁੜਵਾਂ ਭੈਣ ਜਾਪਦੀ ਹੈ”। “ਮੈਂ ਸੁੱਕੀਆਂ ਅੱਖਾਂ ਵਾਲੀ ਨਿਹਚਾ ਬਾਰੇ ਵੀ ਜਾਣਦਾ ਹਾਂ; ਮੈਂ ਜਾਣਦਾ ਹਾਂ ਕਿ ਮੈਂ ਮਸੀਹ ਕੋਲ ਹੰਝੂ ਵਹਾਉਂਦਾ ਹੋਇਆ ਆਇਆ ਸਾਂ- ਜਦੋਂ ਮੈਂ ਨਿਹਚਾ ਨਾਲ ਕਲਵਰੀ ਕੋਲ ਆਇਆ ਤਾਂ ਭੁੱਬਾਂ ਮਾਰਦਾ ਹੋਇਆ, ਆਪਣੇ ਪਾਪਾਂ ਦਾ ਅੰਗੀਕਾਰ ਕਰਦਾ ਹੋਇਆ ਅਤੇ ਯਿਸੂ ਕੋਲ, ਕੇਵਲ ਯਿਸੂ ਕੋਲ ਹੀ ਮੁਕਤੀ ਦੀ ਭਾਲ ਕਰਦਾ ਹੋਇਆ ਆਇਆ ਸਾਂ”

## ਜਦੋਂ ਸਾਡੇ ਚਰਚ ਦੀ ਸ਼ੁਰੂਆਤ ਹੋਈ ਤਾਂ ਅਸੀਂ ਪਹਿਲੇ ਕੁਝ ਸਾਲ ਬਿਵਸਥਾ ਦਾ ਹੀ ਪ੍ਰਚਾਰ ਕੀਤਾ

ਅਸੀਂ ਕਿਉਂ ਚਰਚ ਵਿੱਚ ਇੰਨਾਂ ਸਮਾਂ ਬਿਵਸਥਾ ਹੀ ਸਿਖਾਉਂਦੇ ਰਹੇ? ਕਿਉਂਕਿ ਸਾਡੇ ਚਰਚ ਵਿੱਚ ਕਈ ਲੋਕ ਖੁਦ ਨੂੰ ਮਸੀਹੀ ਅਖਵਾਉਂਦੇ ਸਨ ਪਰੰਤੂ ਉਨ੍ਹਾਂ ਦੇ ਜੀਵਨ ਉਸਦੀ ਗਵਾਹੀ ਨਹੀਂ ਦਿੰਦੇ ਸਨ। ਉਨ੍ਹੀਂ ਦਿਨੀਂ ਹਰੇਕ ਸਭਾ ਤੋਂ ਬਾਦ ਕਈ ਲੋਕ ਵੇਦੀ ਕੋਲ ਆਉਂਦੇ; ਪਾਸਟਰ ਪਿੱਛੇ ਪ੍ਰਾਰਥਨਾ ਨੂੰ ਦੁਹਰਾਉਂਦੇ ਅਤੇ “ਨਿਹਚਾ ਰਾਹੀਂ ਮੁਕਤੀ ਹਾਸਲ ਕਰਦੇ”। ਹਾਲਾਂਕਿ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਕਦੇ ਵੀ ਪਾਪਾਂ ਦਾ ਪਛਤਾਪ ਨਹੀਂ ਹੋਇਆ; ਕਦੇ ਵੀ ਪ੍ਰਮੇਸ਼ਵਰ ਜੋਗ ਉਦਾਸੀ ਨਹੀਂ ਹੋਈ ਅਤੇ ਉਨ੍ਹਾਂ ਕਦੇ ਵੀ ਸੱਚੀ ਤੌਬਾ ਨਹੀਂ ਕੀਤੀ।

ਥਿਏਟਰ ਵਿੱਚ ਕੰਮ ਕਰਨ ਵਾਲੇ ਕਲਾਕਾਰ ਐਤਵਾਰ ਨੂੰ ਮਸੀਹ ਨੂੰ ਕਬੂਲ ਕਰਦੇ ਅਤੇ ਬਾਕੀ ਦਿਨ ਆਪਣੇ ਕੁਫ਼ਰ ਬਕਣ ਵਾਲੇ ਪ੍ਰੋਗਰਾਮਾਂ ਵਿੱਚ ਜਾਂਦੇ। ਸਮਲਿੰਗੀ ਮੁਕਤੀ ਲਈ ਪ੍ਰਾਰਥਨਾ ਕਰਦੇ ਪਰੰਤੂ ਆਪਣੇ ਪਾਪੀ ਜੀਵਨ ਵਿੱਚ ਹੀ ਬਣੇ ਰਹਿੰਦੇ, ਕਈ ਹੋਰ ਵੇਦੀ ਕੋਲ ਆ ਕੇ ਯਿਸੂ ਦਾ ਇਕਰਾਰ ਕਰਦੇ ਪਰ ਵਿਭਚਾਰ, ਹਰਾਮਕਾਰੀ ਅਤੇ ਨਸ਼ੇ ਨੂੰ ਨਾ ਤਿਆਗਦੇ। ਇਸ ਕਰਕੇ ਅਸੀਂ ਵੇਦੀ ਤੋਂ ਖੁਦਾ ਦੀ ਅਗਵਾਈ ਨੂੰ ਪਾਇਆ ਅਰ ਪਵਿੱਤਰ ਆਤਮਾ ਨੇ ਸਾਡੀ ਪਾਸਬਾਨਾਂ ਦੀ ਟੀਮ ਦੀ ਸਾਰੇ ਪਾਪਾਂ, ਬਗਾਵਤ ਅਤੇ ਅਣ-ਆਗਿਆਕਾਰੀ ਨੂੰ ਜ਼ਾਹਰ ਕਰਨ ਵਿੱਚ ਅਗਵਾਈ ਕੀਤੀ। ਅਸੀਂ ਨਰਕ ਦੀ ਅੱਤ ਭਿਆਨਕ ਸੱਚਾਈ ਨੂੰ ਬਿਆਨ ਕੀਤਾ ਅਰ ਲੋਕ ਸਾਡੀਆਂ ਸਭਾਵਾਂ ਨੂੰ ਛੱਡ ਕੇ ਚਲੇ ਗਏ; ਅਤੇ ਅਸੀਂ ਸਵਰਗ ਦੀ ਅਦਭੁਤ ਸੱਚਾਈ ਨੂੰ ਦੱਸਿਆ ਤਾਂ ਸਮਝੌਤੇ ਦਾ ਜੀਵਨ ਜੀਣ ਵਾਲੇ ਮਸੀਹ ਦੀ ਪਵਿੱਤਰਤਾ ਨੂੰ ਵੇਖ ਕੇ ਕੰਬ ਗਏ।

ਸਾਡੇ ਲਈ ਉਸ ਵੇਲੇ ਬਿਵਸਥਾ ਦਾ ਪ੍ਰਚਾਰ ਕਰਨਾ ਅੱਤ ਜਰੂਰੀ ਸੀ। ਇਹ ਪ੍ਰਮੇਸ਼ਵਰ ਦਾ ਦਰਪਣ ਹੁੰਦਾ ਹੈ ਜੋ ਹਰੇਕ ਛਿਪੀ ਅਰ ਗੁਪਤ ਗੱਲ ਨੂੰ ਜ਼ਾਹਰ ਕਰਦਾ ਹੈ। ਇਸ ਨਾਲ ਲੋਕ ਆਪਣੇ ਅੰਦਰ ਪਾਪ ਦੇ ਵਧ ਰਹੇ ਜ਼ੋਰ ਪ੍ਰਤੀ ਜਾਗਰੂਕ ਹੋ ਗਏ। ਜਦੋਂ ਕਈ ਲੋਕ ਚਲੇ ਗਏ ਤਾਂ ਕਈ ਹੋਰ ਸੱਚੀ ਤੌਬਾ ਲਈ ਅੱਗੇ ਵੀ ਆਏ। ਜਿਨਾਂ ਵਿੱਚੋਂ ਇੱਕ ਸੀ ਮਸ਼ਹੂਰ ਕਲਾਕਾਰ ਡੇਵਿਡ ਡੇਵਿਸ। ਉਸਨੇ ਸੱਚੀ ਤੌਬਾ ਕੀਤੀ ਅਤੇ ਸਭ ਕੁਝ ਯਿਸੂ ਨੂੰ ਸੌਂਪ ਦਿੱਤਾ। ਅਤੇ ਅੱਜ ਉਹ ਅਤੇ ਉਨ੍ਹਾਂ ਦੀ ਪਾਸਟਰ ਪਤਨੀ ਇਸਰਾਏਲ ਵਿੱਚ ਇੱਕ ਸਮਰੱਥੀ ਚਰਚ ਚਲਾ ਰਹੇ ਹਨ ਜਿੱਥੇ ਉਹ 10 ਸਾਲ ਤੋਂ ਮਸੀਹ ਦਾ ਪ੍ਰਚਾਰ ਕਰ ਰਹੇ ਹਨ।

ਜਦੋਂ ਸਾਡੀ ਕਲੀਸਿਆ ਵਿੱਚ ਤੌਬਾ ਦਾ ਕੰਮ ਪੂਰਾ ਹੋਣ ਲੱਗਾ ਤਾਂ ਪਵਿੱਤਰ ਆਤਮਾ ਨੇ ਕਿਰਪਾ ਦੀ ਮਹਿਮਾ ਨੂੰ ਪ੍ਰਚਾਰ ਕਰਨ ਲਈ ਸਾਡੀ ਅਗਵਾਈ ਕੀਤੀ। ਅਸੀਂ ਨਵੀਂ ਵਾਚਾ, ਪਵਿੱਤਰ ਆਤਮਾ ਰਾਹੀਂ ਪਾਪ ਉੱਪਰ ਜਿੱਤ ਅਤੇ ਨਿਹਚਾ ਦੁਆਰਾ ਚੱਲਣ ਬਾਰੇ ਪ੍ਰਚਾਰ ਕੀਤਾ। ਸੰਖੇਪ ਵਿੱਚ, ਅਸੀਂ ਸੰਤਾਂ ਦੀ ਉਸਾਰੀ ਸ਼ੁਰੂ ਕੀਤੀ। ਇਸ ਸਾਰੇ ਅਨੁਭਵ ਰਾਹੀਂ ਅਸੀਂ ਲਗਾਤਾਰ ਕੇਵਲ ਬਿਵਸਥਾ ਅਤੇ ਪਾਪ ਦਾ ਪ੍ਰਚਾਰ ਕਰਨ ਦੇ ਖ਼ਤਰੇ ਨੂੰ ਵੀ ਜਾਣਿਆ। ਜੇਕਰ ਲੋਕਾਂ ਨੂੰ ਕੇਵਲ ਇਹੀ ਪ੍ਰਚਾਰ ਕੀਤਾ ਜਾਵੇ ਤਾਂ ਉਹ ਉਮੀਦ ਛੱਡ ਬੈਠਣਗੇ ਅਰ ਸੋਚਣਗੇ ਕਿ “ਮੈਂ ਕਦੇ ਵੀ ਨਹੀਂ ਕਰ ਪਾਵਾਂਗਾ”। ਉਹ ਖੁਦ ਨੂੰ ਹੀ ਵੇਖਦੇ ਰਹਿਣਗੇ ਅਰ ਉਨ੍ਹਾਂ ਦਾ ਧਿਆਨ ਆਸ਼ਾ ਦੀ ਸਲੀਬ ਵੱਲ ਨਹੀਂ ਜਾਵੇਗਾ।

ਫਿਰ ਵੀ ਜੋ ਕਲੀਸਿਆ ਪ੍ਰਭੂ ਦੀ ਹੈ ਉਸ ਵਿੱਚ ਜਦੋਂ ਵੀ ਲੋੜ ਪਾਵੇਗੀ ਪਵਿੱਤਰ ਆਤਮਾ ਬਿਵਸਥਾ ਦਾ ਸੰਦੇਸ਼ ਜ਼ਰੂਰ ਦੇਵੇਗਾ। ਜੇਕਰ ਪ੍ਰਭੂ ਯਿਸੂ ਆਪਣੇ ਲੋਕਾਂ ਨੂੰ “ਸਰਲ ਨਿਹਚਾ” ਵੱਲ ਜਾਂਦਾ ਵੇਖੇਗਾ, ਉਹ ਉਨ੍ਹਾਂ ਉੱਪਰ ਬਿਵਸਥਾ ਦੇ ਕੋੜੇ ਨੂੰ ਦੁਬਾਰਾ ਚਲਾਵੇਗਾ ਪਰੰਤੂ ਪੂਰੀ ਦਯਾ ਅਤੇ ਕਿਰਪਾ ਨਾਲ। ਵੇਖੋ, ਤੌਬਾ ਇੱਕ ਵਾਰ ਹੋਣ ਵਾਲਾ ਅਨੁਭਵ ਨਹੀਂ ਹੈ। ਇਹ ਕੋਈ ਤੂਫ਼ਾਨ ਨਹੀਂ ਹੈ ਜੋ ਇੱਕ ਵਾਰ ਆਵੇਗਾ ਅਰ ਫਿਰ ਸਦਾ ਲਈ ਚਲਾ ਜਾਵੇਗਾ। ਅਰ ਅਜਿਹਾ ਵੀ ਨਹੀਂ, ਕਿ ਅਸੀਂ ਕਿਸੇ ਬਿਪਤਾ ਦੇ ਸਮੇਂ ਤੌਬਾ ਕਰ ਲਈ

ਅਤੇ ਬਾਕੀ ਜੀਵਨ ਵਿੱਚ ਕਦੇ ਉਸ ਬਾਰੇ ਗੱਲ ਵੀ ਨਹੀਂ ਕੀਤੀ। ਨਹੀਂ, ਪਾਪ ਲਈ ਉਦਾਸੀ ਸਾਡੀ ਸਦਾ ਲਈ ਸਿੱਖਿਅਕ ਬਣ ਜਾਵੇ!

ਸਪਰਜਨ ਲਿਖਦਾ ਹੈ, "ਮੈਂ ਇਹ ਅੰਗੀਕਾਰ ਕਰਦਾ ਹਾਂ ਕਿ ਪਾਪ ਪ੍ਰਤੀ ਮੇਰੀ ਅੱਜ ਦੀ ਉਦਾਸੀ ਉਸ ਵੇਲੇ ਤੋਂ ਕਿਤੇ ਵਧੀਕ ਹੈ ਜਦੋਂ ਮੈਂ ਯਿਸੂ ਕੋਲ 30 ਸਾਲ ਪਹਿਲਾਂ ਆਇਆ ਸੀ। ਅੱਜ ਮੈਂ ਪਾਪ ਨਾਲ ਉਸ ਵੇਲੇ ਤੋਂ ਕਿਤੇ ਵਧਕੇ ਨਫ਼ਰਤ ਕਰਦਾ ਹਾਂ। ਉਸ ਵੇਲੇ ਮੈਨੂੰ ਕਈ ਗੱਲਾਂ ਬਾਰੇ ਪਤਾ ਨਹੀਂ ਸੀ ਕਿ ਉਹ ਪਾਪ ਹਨ ਪਰੰਤੂ ਅੱਜ ਪਤਾ ਹੈ। ਅੱਜ ਮੈਨੂੰ ਹਿਰਦੇ ਦੀ ਬੁਰਾਈ ਦੀ ਸਮਝ ਹੈ ਪਰ ਮਸੀਹ ਕੋਲ ਆਉਣ ਸਮੇਂ ਇਹ ਸਮਝ ਨਹੀਂ ਸੀ। ਪਾਪ ਲਈ ਉਦਾਸੀ ਇੱਕ ਲਗਾਤਾਰ ਹੋਣ ਵਾਲੀ, ਮਿੱਠੀ, ਨਾਜ਼ੁਕ ਬਾਰਿਸ਼ ਹੈ ਜਿਹੜੀ ਸੱਚੀ ਮੁਕਤੀ ਪਾਏ ਹੋਏ ਦੇ ਜੀਵਨ ਵਿੱਚ ਜੀਵਨ ਭਰ ਹੁੰਦੀ ਹੈ। ਪਾਪ ਹੋਣ ਤੇ ਉਹ ਹਮੇਸ਼ਾ ਉਦਾਸ ਹੋਵੇਗਾ; ਅਤੇ ਇਹ ਉਦਾਸੀ ਉਦੋਂ ਤੱਕ ਰਹੇਗੀ ਜਦੋਂ ਤੱਕ ਸਾਰਾ ਪਾਪ ਖ਼ਤਮ ਨਾ ਹੋ ਜਾਵੇ"।

## ਯਿਸੂ ਦੇ ਅਫ਼ਸੁਸ ਦੀ ਕਲੀਸਿਆ ਲਈ ਸ਼ਬਦਾਂ ਨੇ ਮੈਨੂੰ ਕੰਬਾ ਦਿੱਤਾ!

ਤੁਹਾਨੂੰ ਉਨ੍ਹਾਂ ਸੱਤ ਕਲੀਸਿਆਵਾਂ ਦਾ ਚੇਤਾ ਹੋਵੇਗਾ ਜਿਨ੍ਹਾਂ ਬਾਰੇ ਯੂਹੰਨਾ ਪ੍ਰਕਾਸ਼ ਦੀ ਪੋਥੀ 2 ਵਿੱਚ ਲਿਖਦਾ ਹੈ। ਉਨ੍ਹਾਂ ਵਿੱਚੋਂ ਇੱਕ ਹੈ ਅਫ਼ਸੁਸ ਦੀ ਕਲੀਸਿਆ ਜਿਸਦੀ ਯਿਸੂ ਨੇ ਬਹੁਤ ਸ਼ਲਾਘਾ ਕੀਤੀ। ਮੈਂ ਆਪਣੀ ਕਲੀਸਿਆ ਨੂੰ ਵੀ ਉਸੇ ਤਰਾਂ ਦਾ ਵੇਖਣਾ ਚਾਹੁੰਦਾ ਹਾਂ। ਉਨ੍ਹਾਂ ਵਿਸ਼ਵਾਸੀਆਂ ਨੇ ਸੰਸਾਰ ਦੇ ਸਭ ਤੋਂ ਵੱਧ ਅਬਾਦੀ ਵਾਲੇ ਇੱਕ ਇਲਾਕੇ ਵਿੱਚ ਸੇਵਾ ਕੀਤੀ, ਉਹ ਵੱਡੇ ਸੰਘਰਸ਼ਾਂ ਵਿੱਚ ਵੀ ਕਦੇ ਨਿਰਾਸ਼ ਨਹੀਂ ਹੋਏ। ਲੋਕ ਬਲੀਦਾਨ ਦਾ ਜੀਵਨ ਜੀਂਦੇ, ਪਾਪ ਤੋਂ ਨਫ਼ਰਤ ਕਰਦੇ ਅਤੇ ਗਲਤ ਸਿੱਖਿਆਵਾਂ ਦਾ ਇਨਕਾਰ ਕਰਦੇ ਸਨ। ਉਹ ਨਿਹਚਾ ਵਿੱਚ ਪੱਕੇ ਸਨ, ਸ਼ੈਤਾਨ ਦੇ ਹਰ ਪਰਤਾਵੇ ਵਿੱਚ ਵੀ ਪ੍ਰਭੂ ਨੂੰ ਪੂਰੇ ਹਿਰਦੇ ਨਾਲ ਪਿਆਰ ਕਰਦੇ ਸਨ।

ਫਿਰ ਵੀ ਯਿਸੂ ਨੂੰ ਉਨ੍ਹਾਂ ਵਿੱਚ ਕਿਸੇ ਚੀਜ਼ ਦੀ ਘਟੀ ਲੱਗੀ। ਇਹ ਕਲੀਸਿਆ ਕੌਮਾਂ ਲਈ ਇੱਕ ਰੌਸ਼ਨੀ ਵਾਂਗ ਸੀ ਇਸ ਕਰਕੇ ਉਹ ਚੁੱਪ ਰਹਿ ਕੇ ਉਸਨੂੰ ਨਾਸ਼ ਹੁੰਦਾ ਨਹੀਂ ਵੇਖ ਸਕਦਾ ਸੀ। ਇਸ ਕਰਕੇ ਉਸਨੇ ਅਫ਼ਸੁਸ ਦੀ ਕਲੀਸਿਆ ਨੂੰ ਕਿਹਾ, "ਤਾਂ ਵੀ ਤੇਰੇ ਉੱਤੇ ਮੈਨੂੰ ਇਹ ਗਿਲਾ ਹੈ ਭਈ ਤੂੰ ਆਪਣਾ ਪਹਿਲਾ ਪ੍ਰੇਮ ਛੱਡ ਬੈਠਾ ਹੈਂ" (ਪ੍ਰਕਾਸ਼ 2:4)। ਯਿਸੂ ਆਖ ਰਿਹਾ ਸੀ, "ਤੇਰੀ ਅੱਗ ਬੁਝਦੀ ਜਾ ਰਹੀ ਹੈ! ਮੇਰੇ ਪ੍ਰਤੀ ਤੇਰਾ ਵਿਸ਼ਵਾਸਯੋਗਤਾ ਵਾਲਾ ਪਿਆਰ ਵੀ ਘਟਦਾ ਜਾ ਰਿਹਾ ਹੈ। ਗੁਆਚਿਆਂ ਹੋਇਆਂ ਲਈ ਮੇਰਾ ਬੋਝ ਪਹਿਲਾਂ ਤੇਰੇ ਅੰਦਰ ਸੀ ਪਰੰਤੂ ਹੁਣ ਤੂੰ ਆਰਾਮ ਨਾਲ ਬੈਠ ਕੇ ਸੰਦੇਸ਼ ਸੁਣਨ ਨਾਲ ਹੀ ਸੰਤੁਸ਼ਟ ਹੈਂ। ਤੂੰ ਆਪਣੇ ਹੀ ਕੰਮਾਂ ਵਿੱਚ ਰੁੱਝ ਗਿਆ ਪਰ ਮੇਰੇ ਕੰਮਾਂ ਨੂੰ ਭੁੱਲ ਗਿਆ ਹੈਂ। ਤੂੰ ਉੱਥੋਂ ਡਿਗ ਚੁੱਕਾ ਹੈਂ ਜਿੱਥੇ ਪਹਿਲੇ ਸੀ।

ਯਿਸੂ ਨੇ ਆਖਿਆ, "ਚੇਤੇ ਕਰ ਤੂੰ ਕਿੱਥੋਂ ਡਿੱਗਾ ਹੈਂ..." (ਆਇਤ 5)। ਉਹ ਕਹਿ ਰਹੇ ਹਨ, "ਮੁੜ ਚੇਤੇ ਕਰ! ਤੂੰ ਮੇਰੇ ਘਰ ਵਿੱਚ ਆਉਣ, ਸੰਤਾਂ ਦੀ ਸੰਗਤ ਕਰਨ ਅਰ ਮੇਰਾ ਬੋਝ ਚੁੱਕਣ ਲਈ ਚਾਹਤ ਰੱਖਦਾ ਸੀ। ਪਰ ਹੁਣ ਐਤਵਾਰ ਨੂੰ ਇੱਕ ਘੰਟਾ ਹੀ ਤੈਨੂੰ ਕਾਫ਼ੀ ਲਗਦਾ ਹੈ। ਪਿਆਰੇ ਮਸੀਹੀਓ, ਕੀ ਤੁਸੀਂ ਅੱਜ ਵੀ ਮਸੀਹ ਲਈ ਅੱਗ ਨਾਲ ਭਰੇ ਹੋ? ਕੀ ਤੁਸੀਂ ਅੱਜ ਵੀ ਉਸਨੂੰ ਉਸੇ ਜਜ਼ਬੇ ਨਾਲ ਪਿਆਰ ਕਰਦੇ ਹੋ ਜਿਵੇਂ ਅਰੰਭ ਵਿੱਚ ਕਰਦੇ ਸੀ? ਜਾਂ ਫਿਰ ਉਸਦੇ ਕੰਮਾਂ ਅਰ ਸੇਵਕਾਈ ਨੂੰ ਭੁਲਾ ਚੁੱਕੇ ਹੋ? ਕੀ ਤੁਹਾਡੇ ਜੀਵਨ ਵਿੱਚ ਕਿਸੇ ਹੋਰ ਸ਼ੈਅ ਨੇ ਜਿਆਦਾ ਥਾਂ ਲੈ ਲਈ ਹੈ?ਜੇ ਹਾਂ ਤਾਂ ਪ੍ਰਭੂ ਤੁਹਾਨੂੰ ਆਖਦਾ ਹੈ, "ਤਾਂ ਵੀ ਤੇਰੇ ਉੱਤੇ ਮੈਨੂੰ ਇਹ ਗਿਲਾ ਹੈ ਭਈ ਤੂੰ ਆਪਣਾ ਪਹਿਲਾ ਪ੍ਰੇਮ ਛੱਡ ਬੈਠਾ ਹੈਂ!"

ਧਿਆਨ ਦਿਓ ਕਿ ਯਿਸੂ ਸਾਨੂੰ ਕੀ ਆਖ ਰਿਹਾ ਹੈ: "ਤੌਬਾ ਕਰ ਅਤੇ ਆਪਣੇ ਅਗਲੇ ਹੀ ਕੰਮ ਕਰ..." (ਆਇਤ 5)। ਸਚੇਤ ਅਰ ਗੰਭੀਰ ਹੋਵੋ! ਅਰ ਤੁਹਾਡੀ ਉਦਾਸੀ ਤੁਹਾਨੂੰ ਪਹਿਲਾਂ ਵਾਲੇ ਪਿਆਰ ਵੱਲ ਵਾਪਿਸ ਮੋੜੇ! ਫਿਰ ਮਸੀਹ ਸਾਨੂੰ ਇੱਕ ਚੇਤਾਵਨੀ ਦਾ ਸ਼ਬਦ ਆਖਦਾ ਹੈ, "ਨਹੀਂ ਤਾਂ..." (ਆਇਤ 5)। ਉਹ ਨਾਲ ਹੀ ਨਤੀਜਾ ਵੀ ਦੱਸਦਾ ਹੈ, "ਮੈਂ ਤੇਰੇ ਕੋਲ ਆਵਾਂਗਾ ਅਰ ਤੇਰੇ ਸ਼ਮਾਦਾਨ ਨੂੰ ਉਹ ਦੇ ਥਾਂ ਤੋਂ ਹਟਾ ਦਿਆਂਗਾ..." (ਆਇਤ 5)।

ਪ੍ਰਭੂ ਯਿਸੂ ਇੱਥੇ ਆਖ ਰਿਹਾ ਹੈ ਕਿ ਜੇਕਰ ਅਸੀਂ ਤੌਬਾ ਨਾ ਕੀਤੀ ਤਾਂ ਉਹ ਸਾਨੂੰ ਦਿੱਤਾ ਗਿਆ ਆਤਮਿਕ ਅਧਿਕਾਰ ਹਟਾ ਲਵੇਗਾ, ਅਤੇ ਸਾਡੇ ਸ਼ਹਿਰ, ਸਮਾਜ, ਗਵਾਂਢ ਅਤੇ ਹੋਰ ਸਭ ਪਾਸਿਓਂ ਸਾਡੇ ਪ੍ਰਭਾਵ ਨੂੰ ਖ਼ਤਮ ਕਰ ਦੇਵੇਗਾ। ਪ੍ਰਭਾਵ ਦਾ ਹਰ ਇੱਕ ਅੰਸ਼ ਸਾਥੋਂ ਖੁੱਸ ਜਾਵੇਗਾ। ਉਹ ਆਖਦਾ ਹੈ, "ਜੇਕਰ ਤੂੰ ਤੌਬਾ ਨਾ ਕੀਤੀ!" ਇਸ ਵੇਲੇ ਪੂਰੇ ਸੰਸਾਰ ਦੇ ਚਰਚ ਆਪਣੇ ਦਰਵਾਜ਼ੇ ਬੰਦ ਕਰ ਰਹੇ ਹਨ। ਉਨ੍ਹਾਂ ਦੀਆਂ ਲਈਟਾਂ ਸੱਚਮੁਚ ਬੰਦ ਹੋ ਰਹੀਆਂ ਹਨ ਕਿਉਂਕਿ ਇਹ ਉਨ੍ਹਾਂ ਵੱਲੋਂ ਤੌਬਾ ਨਾ ਕਰਨ ਦਾ ਨਤੀਜਾ ਹੈ। ਪ੍ਰਮੇਸ਼ਵਰ ਆਖਦਾ ਹੈ, ਉਹ ਆਪਣੀ ਪਰਖ, ਆਤਮਿਕ ਬਰਕਤਾਂ, ਆਰਥਿਕ ਸ੍ਰੋਤ, ਅਤੇ ਵਿਸ਼ੇਸ਼ ਤੌਰ ਤੇ ਉਸਦੀ ਹਜ਼ੂਰੀ ਗੁਆ ਬੈਠਣਗੇ। ਹੁਣ ਉਹ ਮੁਰਦਾ ਅਰ ਨਿਰਜੀਵ ਹਨ ਅਰ ਪੁਰਾਣੀਆਂ ਬਰਕਤਾਂ ਦੀ ਯਾਦ ਵਿੱਚ ਹੀ ਜੀਅ ਰਹੇ ਹਨ।

30 ਸਾਲ ਪਹਿਲਾਂ ਮੈਂ ਕਈ ਅਜਿਹੇ ਚਰਚਾਂ ਵਿੱਚ ਪ੍ਰਚਾਰ ਕੀਤਾ, ਜੋ ਉਸ ਵੇਲੇ ਜਜ਼ਬਾ ਰੱਖਣ ਵਾਲੇ ਵਿਸ਼ਵਾਸੀਆਂ ਨਾਲ ਭਰੇ ਹੋਏ ਹਨ ਪਰੰਤੂ ਅੱਜ ਉੱਥੇ ਮੁਸ਼ਕਿਲ ਨਾਲ ਦਰਜਨ ਕੁ ਲੋਕ ਹੀ ਹਨ। ਛੇਤੀ ਹੀ ਉਹ ਵੀ ਚਲੇ ਜਾਣਗੇ ਅਤੇ ਉਨ੍ਹਾਂ ਦੇ ਦਰਵਾਜੇ ਵੀ ਬੰਦ ਹੋ ਜਾਣਗੇ। ਪ੍ਰਮੇਸ਼ਵਰ ਨੇ ਉਨ੍ਹਾਂ ਦੇ ਦਰਵਾਜ਼ਿਆਂ ਉੱਤੇ "ਇਖਾਬੋਦ" ਲਿਖ ਦਿੱਤਾ ਹੈ ਜਿਸਦਾ ਅਰਥ ਹੈ, "ਪ੍ਰਮੇਸ਼ਵਰ ਦਾ ਰੂਹ ਛੱਡ ਕੇ ਜਾ ਚੁੱਕਾ ਹੈ"। ਪ੍ਰਮੇਸ਼ਵਰ ਇਹ ਸੰਦੇਸ਼ ਹਰੇਕ ਮਸੀਹੀ ਨੂੰ ਦੇ ਰਿਹਾ ਹੈ। ਉਹ ਆਖਦਾ ਹੈ, "ਜੇਕਰ ਤੁਸੀਂ ਤੌਬਾ ਤੋਂ ਇਨਕਾਰ ਕੀਤਾ-ਜੇਕਰ ਲਾਪਰਵਾਹੀ ਵਿੱਚ ਚਲਦੇ ਰਹੇ-ਮੈਂ ਤੁਹਾਡੇ ਸ਼ਮਾਦਾਨਾਂ ਨੂੰ ਹਟਾ ਦੇਵਾਂਗਾ। ਤੁਹਾਡਾ ਪ੍ਰਭਾਵ ਤੁਹਾਡੇ ਪਰਿਵਾਰਾਂ ਤੋਂ, ਤੁਹਾਡੇ ਸਹਿਕਰਮੀਆਂ ਤੋਂ ਅਰ ਹਰ ਕਿਸੇ ਤੋਂ ਖ਼ਤਮ ਹੋ ਜਾਵੇਗਾ। ਇਹੀ ਕੁਝ ਅਫ਼ਸੁਸ ਦੀ ਕਲੀਸਿਆ ਨਾਲ ਹੋਇਆ।ਪ੍ਰਮੇਸ਼ਵਰ 1000 ਸਾਲ ਤੋਂ ਵੀ ਵੱਧ ਉਨ੍ਹਾਂ ਦੀ ਤੌਬਾ ਦਾ ਇੰਤਜ਼ਾਰ ਕਰਦਾ ਰਿਹਾ। ਅਖ਼ੀਰ ਉਨ੍ਹਾਂ ਦੀ ਪ੍ਰਮੇਸ਼ਵਰ ਤੋਂ ਦੂਰੀ ਇੰਨੀ ਵਧ ਗਈ ਜਿਸਨੂੰ ਉਹ ਸਹਿ ਨਾ ਸਕਿਆ।

ਇਤਿਹਾਸਕਾਰ ਗਿੱਬੋਨ ਲਿਖਦਾ ਹੈ: "ਅਫ਼ਸੁਸ ਦਾ ਪਹਿਲਾ ਸ਼ਮਾਦਾਨ ਬੁਝ ਗਿਆ। ਲੂਨੀਆ ਅਰ ਲਿਡੀਆ ਦੇ ਜ਼ਾਲਮ ਹਾਕਮਾਂ ਨੇ ਮਸੀਹਤ ਦੇ ਅਵਸ਼ੇਸ਼ਾਂ ਨੂੰ ਨਸ਼ਟ ਕਰ ਦਿੱਤਾ। ਕੇਵਲ ਫ਼ਿਲਦਲਫ਼ੀਆ ਦੀ ਚਰਚ ਇਮਾਰਤ ਹੀ ਬਾਕੀ ਬਚੀ ਹੈ"। ਹਾਲਾਂਕਿ, ਯਿਸੂ ਦੁਆਰਾ ਅੰਤ ਵਿੱਚ ਆਖੇ ਸ਼ਬਦ ਸਾਨੂੰ



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

**"ਪੜ੍ਹਨ ਵਾਲਾ ਸਮਝ ਲਵੇ"** (ਮੱਤੀ ੨੪:੧੫)

ਇਸਹਾਕ ਉਸ ਧਰਤੀ ਵਿੱਚ ਬੀ ਬੀਜਿਆ ਅਰ ਉਸੇ ਸਾਲ ਸੌ ਗੁਣਾ ਪ੍ਰਾਪਤ ਕੀਤਾ ਅਤੇ ਯਹੋਵਾਹ ਉਸਨੂੰ ਬਰਕਤ ਦਿੱਤੀ। ਉਤਪਤ ੨੬:੧੨

ਸ਼ਾਲ 1969 ਤੋਂ ਹੀ ਪ੍ਰਮੇਸ਼ਵਰ ਸਾਨੂੰ ਬੁਲਾਵੇ ਦੀ ਗੂੰਜ ਰਾਹੀਂ ਲਿਟ੍ਰੇਚਰ ਅਤੇ ਚਰਚ ਸਥਾਪਨ ਸੇਵਕਾਈ ਵਿੱਚ ਇਸਤੇਮਾਲ ਕਰ ਰਿਹਾ ਹੈ। ਅਸੀਂ ਵੱਡੀ ਗਿਣਤੀ ਵਿੱਚ ਪ੍ਰਭੂ ਯਿਸੂ ਦਾ ਸੁਸਮਾਚਾਰ ਸੁਣਾਉਣ ਵਾਲੇ ਆਗੂਆਂ ਨੂੰ ਵੀ ਖੜਾ ਕੀਤਾ ਹੈ।

ਸਾਲ 1980 ਵਿੱਚ ਪ੍ਰਮੇਸ਼ਵਰ ਨੇ ਬਾਈਬਲਕੋਰ ਨਾਮਕ, ਬਾਈਬਲ ਪੱਤਰ ਵਿਹਾਰ ਕੋਰਸ ਸ਼ੁਰੂ ਕਰਨ ਵਿੱਚ ਸਾਡੀ ਮਦਦ ਕੀਤੀ। ਜਦੋਂ ਅਸੀਂ ਅੰਗ੍ਰੇਜ਼ੀ, ਤਾਮਿਲ ਅਰ ਹਿੰਦੀ ਵਿੱਚ ਇਸ ਕੋਰਸ ਨੂੰ ਸ਼ੁਰੂ ਕੀਤਾ ਤਾਂ ਸਮੁੱਚੇ ਭਾਰਤ ਵਿੱਚੋਂ ਗੈਰ-ਮਸੀਹੀ ਲੋਕਾਂ ਵੱਲੋਂ ਸਾਨੂੰ ਅਦਭੁੱਤ ਪ੍ਰਤੀਉੱਤਰ ਮਿਲਿਆ। ਸਾਨੂੰ ਪ੍ਰਤੀਦਿਨ ਵੱਡੀ ਗਿਣਤੀ ਵਿੱਚ ਕੋਰਸ ਦੀਆਂ ਕਿਤਾਬਾਂ ਵਿਦਿਆਰਥੀਆਂ ਨੂੰ ਭੇਜਣੀਆਂ ਪੈਂਦੀਆਂ ਸਨ। ਇਸ ਲਈ ਪ੍ਰਭੂ ਉੱਤੇ ਵਿਸ਼ਵਾਸ ਰੱਖ ਕੇ ਅਸੀਂ 30,000 ਕਿਤਾਬਾਂ ਦਾ ਆਡਰ ਦੇ ਦਿੱਤਾ। ਕਿਤਾਬਾਂ ਪ੍ਰਿੰਟ ਹੋ ਕੇ ਸਾਡੇ ਕੋਲ ਪਹੁੰਚ ਗਈਆਂ।

ਪਰੰਤੂ ਸਾਡੀ ਬਿਲਡਿੰਗ ਦੇ ਮਾਲਿਕ ਨੇ ਉਹ ਕਿਤਾਬਾਂ ਸਾਡੇ ਦਫ਼ਤਰ ਵਿੱਚ ਰੱਖਣ ਤੋਂ ਸਾਨੂੰ ਮਨ੍ਹਾਂ ਕਰ ਦਿੱਤਾ ਕਿਉਂਕਿ ਉਹ ਪ੍ਰਮੇਸ਼ਵਰ ਦੇ ਕੰਮ ਦੇ ਵਧਣ ਤੋਂ ਨਾਖ਼ੁਸ਼ ਸੀ। ਅਸੀਂ ਬਹੁਤ ਕੋਸ਼ਿਸ਼ ਕੀਤੀ ਕਿ ਉਨ੍ਹਾਂ ਕਿਤਾਬਾਂ ਨੂੰ ਰੱਖਣ ਲਈ ਕੋਈ ਥਾਂ ਕਿਰਾਏ ਤੇ ਸਾਨੂੰ ਮਿਲ ਜਾਵੇ, ਪਰੰਤੂ ਸਭ ਕੋਸ਼ਿਸ਼ਾਂ ਨਾਕਾਮ ਰਹੀਆਂ। ਅਸੀਂ ਕੋਈ ਰਾਹ ਖੋਲਣ ਲਈ ਪ੍ਰਮੇਸ਼ਵਰ ਅੱਗੇ ਪ੍ਰਾਰਥਨਾ ਕਰਦੇ ਰਹੇ।

ਅਚਾਨਕ ਪ੍ਰਮੇਸ਼ਵਰ ਨੇ ਮਦਰਾਸ ਦੇ ਰਹਿਣ ਵਾਲੇ ਇੱਕ ਭਰਾ ਮਿ: ਰਾਮਾਲਿੰਗਮ ਅਤੇ ਉਨ੍ਹਾਂ ਦੀ ਪਤਨੀ ਮਿਸੇਜ਼ ਸਰਲ ਸਰਸਵਤੀ ਨੂੰ ਸਾਡੇ ਨਾਲ ਮਿਲਾਇਆ। ਪ੍ਰਮੇਸ਼ਵਰ ਨੇ ਸਾਨੂੰ ਉਭਾਰਿਆ ਕਿ ਕਿਤਾਬਾਂ ਰੱਖਣ ਲਈ ਜਗ੍ਹਾ ਦੀ ਲੋੜ ਵਾਲੀ ਗੱਲ ਅਸੀਂ ਉਨ੍ਹਾਂ ਨਾਲ ਸਾਂਝੀ ਕਰੀਏ। ਪ੍ਰਮੇਸ਼ਵਰ ਨੇ ਉਨ੍ਹਾਂ ਨਾਲ ਗੱਲ ਕੀਤੀ ਅਤੇ ਉਹ ਖ਼ੁਸ਼ੀ ਨਾਲ ਉਹ ਸਭ ਕਿਤਾਬਾਂ ਆਪਣੇ ਘਰ ਵਿੱਚ ਰੱਖਣ ਲਈ ਰਾਜ਼ੀ ਹੋ ਗਏ। ਜਦੋਂ ਵੀ ਸਾਨੂੰ ਕਿਤਾਬਾਂ ਦੀ ਲੋੜ ਹੁੰਦੀ, ਅਸੀਂ ਉਨ੍ਹਾਂ ਦੇ ਘਰ ਜਾ ਕੇ ਕਿਤਾਬਾਂ ਲੈ ਆਉਂਦੇ। ਪ੍ਰਮੇਸ਼ਵਰ ਨੇ ਉਸ ਪਰਿਵਾਰ ਨੂੰ ਅਦਭੁੱਤ ਢੰਗ ਨਾਲ ਬਰਕਤ ਦਿੱਤੀ।

ਉਸੇ ਪ੍ਰਮੇਸ਼ਵਰ ਨੇ ਅੱਜ ਸਾਨੂੰ ਵੀ ਸਕੂਲ ਦੀ ਇਮਾਰਤ, ਇੱਕ ਅਲੱਗ ਬਾਈਬਲ ਕਾਲਜ ਦੀ ਇਮਾਰਤ ਅਤੇ ਭਰਪੂਰ ਖੁੱਲੀ ਜਗ੍ਹਾ ਦੀ ਬਰਕਤ ਦਿੱਤੀ ਹੈ ਜਿੱਥੇ ਅਸੀਂ ਜਿੰਨੀਆਂ ਚਾਹੀਏ ਕਿਤਾਬਾਂ ਰੱਖ ਲਈਏ। ਪ੍ਰਮੇਸ਼ਵਰ ਨੇ ਸਾਨੂੰ ਛਾਪੇਖਾਨੇ ਦੀ ਵੀ ਅਸੀਸ ਦਿੱਤੀ ਹੈ ਜਿੱਥੇ ਅਸੀਂ ਕਈ ਭਾਸ਼ਾਵਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲਿਟ੍ਰੇਚਰ ਛਾਪਦੇ, ਰੱਖਦੇ ਅਤੇ ਦੇਸ਼ ਦੇ ਭਿੰਨ ਭਿੰਨ ਹਿੱਸਿਆਂ ਵਿੱਚ ਭੇਜਦੇ ਹਾਂ। ਪ੍ਰਮੇਸ਼ਵਰ ਨੇ ਸਾਡੇ ਹੰਝੂਆਂ ਨੂੰ ਵੇਖਿਆ ਅਰ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੱਤਾ।

ਪਿਆਰੇ ਪਾਠਕੋ, ਪ੍ਰਭੂ ਯਿਸੂ ਅੱਜ ਵੀ ਜ਼ਿੰਦਾ ਹੈ; ਉਹ ਤੁਹਾਡੇ ਜੀਵਨ ਵਿੱਚ ਵੀ ਚਮਤਕਾਰ ਕਰ ਸਕਦਾ ਹੈ। ਜੇਕਰ ਤੁਸੀਂ ਜੀਵਨ ਵਿੱਚ ਭਾਰੀ ਸੰਕਟ ਵਿੱਚੋਂ ਲੰਘ ਰਹੇ ਹੋ ਤਾਂ ਹਾਰ ਨਾ ਮੰਨੋ। ਚਮਤਕਾਰ ਲਈ ਉਸ ਉੱਤੇ ਭਰੋਸਾ ਰੱਖੋ। ਤੁਸੀਂ ਸਫ਼ਲ ਹੋਵੋਗੇ। ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!

---

(ਚਲਦਾ ਸਫ਼ਾ 8 ਤੋਂ)

ਤਸੱਲੀ ਦਿੰਦੇ ਹਨ: "...ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਮੈਂ ਜੀਵਨ ਦੇ ਬਿਰਛ ਵਿੱਚੋਂ ਜੋ ਪ੍ਰਮੇਸ਼ਵਰ ਦੇ ਫ਼ਿਰਦੌਸ ਵਿੱਚ ਹੈ ਖਾਣ ਲਈ ਦਿਆਂਗਾ" (ਪ੍ਰਕਾਸ਼ 2:7)।

ਪਿਆਰੇ ਸੰਤੋ, ਯਿਸੂ ਉਹ ਬਿਰਛ ਹੈ! ਉਹ ਸਾਨੂੰ ਆਖਦਾ ਹੈ, "ਜੇਕਰ ਤੁਸੀਂ ਤੌਬਾ ਕਰੋ ਤਾਂ ਮੈਂ ਆਪਣਾ ਜੀਵਨ ਤੁਹਾਨੂੰ ਦਿਆਂਗਾ। ਜਦੋਂ ਤੀਕ ਤੁਸੀਂ ਮੈਨੂੰ ਪਿਆਰ ਕਰੋਗੇ ਮੈਂ ਤੁਹਾਡੇ ਅੰਦਰ ਅਲੌਕਿਕ ਜੀਵਨ ਦਾ ਵਹਾਅ ਬਣਾ ਕੇ ਰੱਖਾਂਗਾ। ਇਹ ਜੀਵਨ ਤੁਹਾਡੀ ਪਰਖਣ ਦੀ ਯੋਗਤਾ, ਲੋਕਾਂ ਪ੍ਰਤੀ ਤੁਹਾਡੇ ਪ੍ਰੇਮ ਅਤੇ ਮੇਰੇ ਰਾਜ ਲਈ ਤੁਹਾਡੇ ਭਲੇ ਕੰਮਾਂ ਵਿੱਚ ਵਿਖਾਈ ਦੇਵੇਗਾ। ਅਜਿਹਾ ਵਿਸ਼ਵਾਸੀ ਜੀਵਨ ਨਾਲ ਭਰਿਆ ਹੋਵੇਗਾ ਅਰ ਸਭ ਲੋਕ ਇਸਨੂੰ ਜਾਨਣਗੇ।

ਯਿਸੂ ਦਾ ਵਾਅਦਾ ਹੈ ਕਿ ਤੁਹਾਡੀ ਪ੍ਰਮੇਸ਼ਵਰ ਜੋਗ ਉਦਾਸੀ, ਤੌਬਾ ਵਾਲਾ ਹਿਰਦਾ ਅਤੇ ਪਹਿਲਾਂ ਵਾਲਾ ਪਿਆਰ ਤੁਹਾਨੂੰ ਜੀਵਨ ਵਿੱਚ ਲੈ ਜਾਵੇਗਾ। ਇਸ ਲਈ ਇਸੇ ਸਮੇਂ ਉਸ ਅੱਗੇ ਪ੍ਰਾਰਥਨਾ ਕਰੋ, "ਪ੍ਰਭੂ ਮੈਨੂੰ ਇੱਕ ਸੱਚੀ ਤੌਬਾ ਵਾਲਾ ਹਿਰਦਾ ਦੇ, ਮੈਨੂੰ ਦੁਬਾਰਾ ਉਸੇ ਆਰੰਭ ਵਾਲੇ ਪ੍ਰੇਮ ਵਿੱਚ ਵਾਪਿਸ ਲੈ ਜਾ; ਪਿਤਾ ਮੈਨੂੰ ਆਪਣੇ ਇੰਨਾਂ ਕਰੀਬ ਲੈ ਜਾ ਜਿਨਾਂ ਮੈਂ ਪਹਿਲਾਂ ਕਦੇ ਨਹੀਂ ਗਿਆ!" ਜਦੋਂ ਤੁਸੀਂ ਤੌਬਾ ਕਰਦੇ ਹੋ, ਪ੍ਰਮੇਸ਼ਵਰ ਦਾ ਆਤਮਾ ਤੁਹਾਡੇ ਅੰਦਰ ਮਸੀਹ ਦੇ ਜਲਾਲ ਦੇ ਨਵੇਂ ਪ੍ਰਕਾਸ਼ ਨੂੰ ਪੈਦਾ ਕਰੇਗਾ! ਆਮੀਨ।

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

# ECHO OF HIS CALL

**Monthly magazines in 16 languages, Bible Colleges, Postal Courses, Church Planting, Village English High School, Gospel Printing Press, Crusades, Seminars, Social Services, etc.**

**Annual Subscription : Rs. 100/- Life Subscription : Rs. 2000/-**

The multifarious activities of **Echo of His Call Ministry** is supported by the free-will offerings and donations of the God's Children like you. You may support **Echo of His Call** and its activities as the Lord leads you. We need your help to send forth the Gospel to the unreached people and plant Churches.

If you would like to receive **ECHO OF HIS CALL** magazines regularly, please write to us. Whenever you change your postal or e-mail addresses, please do inform us your old and new addresses.

**Echo of His Call** is available in 16 languages in our websites also. You can read it by going into the site as well as downloading it and get blessed.

Your letters, prayer requests and your financial helps (by D.D., Cheque, M.O. etc.) to **ECHO OF HIS CALL** may be sent to the address below.

Please send your **Land Phone / Mobile Phone Numbers and E.mail addresses** for updation.


## ECHO OF HIS CALL

10, Mohammed Abdullah 2nd Street, Chepauk,
Chennai - 600 005, India
PH: (+91-44) 2852 8282, 2852 9293, 2854 7766,
Cell: (+91) 98412 71858 / 95661 31858
E-mails: sam@echoofhiscall.org / biblecor@yahoo.co.in
Websites: www.echoofhiscall.org / www.echoofhiscall.com


**YOU CAN SEND YOUR DONATIONS ON ONLINE ALSO**

# AN URGENT GOOD NEWS!



Our Residential



**NEHEMIAH BIBLE COLLEGE!!**

re opens *from* 01-06-2021

**One Year DIPLOMA COURSE!!!**

Hindi & English Medium

@

Velachery, Chennai.

## EVENING BIBLE COLLEGES

(2 Centres – Tamil Medium)

1. **NEHEMIAH BIBLE COLLEGE,**
   ECHO OF HIS CALL, 10, Mohammed Abdullah 2nd Street, Bells Road, Chepauk, Chennai - 600 005, India.
2. **ST. PAUL'S COMPLEX,**
   8/18, Velachery Main Road, Santhoshapuram, Vijayanagaram Bus Stop, Medavakkam, Chennai - 600 100.

**CONTACT IMMEDIATELY :**

**Rev. ALEX SAMSON SAM, Director**

Cell : 98412 71858 / 98410 71858

E.mail : sam@echoofhiscall.org

**The details of our Bank Accounts are given below. Please inform us the details of your remittance.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 102329 34679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |


**RNI NO. 2000/1914**
**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th MARCH 2021**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**


*JESUS LOVES YOU!*

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**